Vide R.N.I. No. Pun-Pun 2002/8323 ASR/0001/2024/26

ੴ

ਸਤਿਗੁਰ ਪ੍ਰਸਾਦਿ ।।

ਸਚੀ ਤੇਰੀ ਸਿਫਤਿ ਸਚੀ ਸਾਲਾਹ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਧੰਨ ਧੰਨ ਮਾਤਾ ਕੌਲਾਂ ਜੀ

ਭੇਟਾ: 25/-

D.O.P. 15 Jan. 2026

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

ਅੰਕ: 167

ਇਤਨਾ ਤੋ ਕਰ ਗੁਰੂ ਜੀ, ਜਬ ਜਾਨ ਤਨ ਸੇ ਨਿਕਲੇ ।
ਸਿਰ ਤੇਰੀ ਗੋਦ ਮੇਂ ਹੋ, ਜਬ ਪ੍ਰਾਣ ਤਨ ਸੇ ਨਿਕਲੇ ।

ਸਤਿਗੁਰੂ ਮਾਫ ਕਰ ਦਿਓ ਮੈਨੂੰ, ਜੋ ਕਸੂਰ ਹੋ ਗਿਆ ।
ਜਿਹੜਾ ਲਿਖ ਕੇ ਬੇਦਾਵਾ, ਤੈਥੋਂ ਦੂਰ ਹੋ ਗਿਆ ।
ਮਹਾਂ ਸਿੰਘ ਜੀ ਪਿਆਰੇ ਤੁਸੀਂ ਬਖਸ਼ੇ ਗਏ ਸਾਰੇ ।
ਜਿਹੜਾ ਸੀਸ ਧਰਮ ਤੋਂ ਵਾਰੇ, ਉਹ ਮਨਜ਼ੂਰ ਹੋ ਗਿਆ ।

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ 40 ਮੁਕਤਿਆਂ ਦਾ ਬੇਦਾਵਾ ਪਾੜ ਕੇ ਟੁੱਟੀ ਗੰਢਦੇ ਹੋਏ (ਅੰਦਰ ਪੜ੍ਹੋ ਜੀ)





ਧੰਨ ਧੰਨ ਮਾਈ ਭਾਗੋ ਜੀ
40 ਸਿੰਘਾਂ ਨੂੰ
ਦਸਵੇਂ ਪਾਤਸ਼ਾਹ ਜੀ ਦੀ
ਸ਼ਰਨ ਵਿੱਚ ਲੈ ਕੇ ਜਾਂਦੇ ਹੋਏ

## 18ਵਾਂ ਮਹਾਨ ਗੁਰਮਤਿ ਸਮਾਗਮ

# ਧੰਨ ਧੰਨ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ (ਰਜਿ:) ਵੱਲੋਂ

## ਸ੍ਰੀ ਸਹਿਜ ਪਾਠਾਂ ਦੀਆਂ ਲੜੀਆਂ ਦੀ ਸੰਪੂਰਨਤਾ

ਸਤਿਗੁਰੂ ਜੀ ਦੀ ਕਿਰਪਾ ਨਾਲ 12 ਅਕਤੂਬਰ, 2025 ਨੂੰ ਧੰਨ ਧੰਨ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ (ਰਜਿ:) ਨਿਊ ਅੰਤਰਯਾਮੀ ਕਲੋਨੀ, ਸ੍ਰੀ ਅੰਮ੍ਰਿਤਸਰ ਭਾਈ ਸਤਨਾਮ ਸਿੰਘ ਜੀ ਅਤੇ ਸਹਿਯੋਗੀਆਂ ਵੱਲੋਂ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਵਿਖੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੇ ਪੂਰਨ ਸਹਿਯੋਗ ਨਾਲ **18ਵਾਂ ਮਹਾਨ ਗੁਰਮਤਿ ਸਮਾਗਮ** ਕਰਵਾਇਆ ਗਿਆ। ਜਿਸ ਦੌਰਾਨ 2260 ਬੱਚਿਆਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠਾਂ ਦੇ ਭੋਗ ਪਾਏ। ਉਪਰੰਤ ਹਰ ਬੱਚੇ ਨੂੰ ਸੁਸਾਇਟੀ ਵੱਲੋਂ ਉਤਸ਼ਾਹਿਤ ਕਰਨ ਲਈ ਮੌਕੇ ਤੇ ਸਤਿਕਾਰ ਵਜੋਂ ਟਿਫਿਨ ਬੋਕਸ ਦਿੱਤੇ ਗਏ।

1



2


3


4


5


6


7


8


9



1–3. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਸਕੂਲਾਂ ਦੇ ਬੱਚੇ ਅਤੇ ਸਮੂਹ ਸੰਗਤਾਂ ਸਹਿਜ ਪਾਠਾਂ ਦੇ ਭੋਗ ਦੌਰਾਨ ਨੌਵੇਂ ਮਹੱਲੇ ਦੇ ਸਲੋਕਾਂ ਦੀ ਹਾਜ਼ਰੀ ਭਰਦੇ ਹੋਏ, 4–5. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਬੀਬੀ ਪਰਮਜੀਤ ਕੌਰ (ਪੰਮਾ ਭੈਣਜੀ) ਸਮੂਹ ਸੰਗਤਾਂ ਨੂੰ ਸਹਿਜ ਪਾਠ ਕਰਨ ਲਈ ਉਤਸ਼ਾਹਿਤ ਕਰਦੇ ਹੋਏ, 6. ਸਮੂਹ ਸੰਗਤਾਂ ਦਾ ਦ੍ਰਿਸ਼, 7–8. ਸ੍ਰੀ ਸਹਿਜ ਪਾਠਾਂ ਦੇ ਭੋਗ ਉਪਰੰਤ ਬੱਚਿਆਂ ਦਾ ਉਤਸ਼ਾਹ ਵਧਾਉਣ ਲਈ ਟਿਫਿਨ ਬੋਕਸ ਇਨਾਮ ਵਜੋਂ ਵੰਡਦੇ ਹੋਏ ਪ੍ਰਬੰਧਕ ਵੀਰ। 9. ਧੰਨ ਧੰਨ ਬਾਬਾ ਦੀਪ ਸਿੰਘ ਜੀ ਚੈਰੀਟੇਬਲ ਸੁਸਾਇਟੀ (ਰਜਿ:) ਭਾਈ ਸਤਨਾਮ ਸਿੰਘ ਜੀ ਅਤੇ ਸਹਿਯੋਗੀ ਵੀਰ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੂੰ ਸਨਮਾਨਿਤ ਕਰਦੇ ਹੋਏ।

Asr. G.P.O.No. PB0001/ 2024-26

ੴ ਸਤਿਗੁਰ ਪ੍ਰਸਾਦਿ।।

ਅੰਕ-167ਵਾਂ (2026)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਜਸਵਿੰਦਰ ਸਿੰਘ (ਪਟਿਆਲਾ), ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

**ਕੰਪਿਊਟਰ**
ਸਿਫਤਿ ਸਾਲਾਹ ਦਫਤਰ

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰੁ. | ਸਲਾਨਾ ਚੰਦਾ | 1200 ਰੁ. |
| 2 ਸਾਲ ਲਈ | 300 ਰੁ. | 2 ਸਾਲ ਲਈ | 2400 ਰੁ. |
| 5 ਸਾਲ ਲਈ | 600 ਰੁ. | 5 ਸਾਲ ਲਈ | 4800 ਰੁ. |
| ਲਾਈਫ ਮੈਂਬਰਸ਼ਿਪ | 2400 ਰੁ. | ਲਾਈਫ ਮੈਂਬਰਸ਼ਿਪ | 19200 ਰੁ. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: **ਸਿਫਤਿ ਸਾਲਾਹ**, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

◉ ਸੰਪਾਦਕੀ 4
◉ ਚਾਲੀ ਮੁਕਤਿਆਂ ਦਾ ਇਤਿਹਾਸ 5
◉ ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 12
◉ ਨੌਂਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 13
◉ ਅਧਿਆਤਮਿਕ ਵਿਚਾਰਾਂ 15
◉ ਜ਼ਿੰਦਗੀ ਦੀਆਂ ਬਰੀਕੀਆਂ 16
◉ ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ 19
◉ ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ ਧੰਨ ਧੰਨ ਭਾਈ ਬਿਧੀ ਚੰਦ ਜੀ 22
◉ ਗੁ: ਕੋਠਾ ਸਾਹਿਬ (ਵੱਲ੍ਹਾ) 29
◉ ਅਨਮੋਲ ਬਚਨ 32
◉ गुरुद्वारा श्री दमदमा साहिब 33
◉ धन्य धन्य शहीद बाबा दीप सिंघ जी ने श्री आनंदपुर साहिब में कौन–सी विद्या प्राप्त की? 35
◉ Question by Ascetic Budhu Shah, Answers by Kalgidhar Ji 42
◉ Gurdwara Guriana Sahib (Patshahi Ninth) 47
◉ Magical Effect of Mool-Mantar (Talisman) on Ayub Khan, President of Pakistan 49

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।
*-ਸੰਪਾਦਕ*

# ਸੰਪਾਦਕੀ...

ਗੁਰੂ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਪਿਆਰੇ ਗੁਰਸਿੱਖਾਂ ਧੰਨ ਭਾਈ ਮਤੀ ਦਾਸ ਜੀ, ਧੰਨ ਭਾਈ ਸਤੀ ਦਾਸ ਜੀ, ਧੰਨ ਭਾਈ ਦਿਆਲ ਦਾਸ ਜੀ ਦਾ 350 ਸਾਲਾ ਪਾਵਨ ਸ਼ਹੀਦੀ ਦਿਹਾੜਾ 25 ਨਵੰਬਰ 2025 ਨੂੰ ਸਾਰੇ ਵਿਸ਼ਵ ਵਿੱਚ ਪੂਰੇ ਉਤਸ਼ਾਹ ਨਾਲ ਮਨਾਇਆ ਗਿਆ। ਨਗਰ ਕੀਰਤਨ ਵੀ ਸਜਾਏ ਗਏ, ਕੀਰਤਨ ਦਰਬਾਰ ਵੀ ਹੋਏ। ਇੰਨੀਆਂ ਵੱਡੀਆਂ ਕੁਰਬਾਨੀਆਂ ਜਿਨ੍ਹਾਂ ਦਾ ਦੁਨੀਆਂ ਦੇ ਇਤਿਹਾਸ ਵਿੱਚ ਕੋਈ ਸਾਨੀ ਨਹੀਂ, ਨੂੰ ਯਾਦ ਕਰਨ ਲਈ ਇਹ ਸ਼ਤਾਬਦੀਆਂ ਮਨਾਈਆਂ ਜਾਂਦੀਆਂ ਹਨ, ਵੱਡੀ ਪੱਧਰ ਤੇ ਪ੍ਰੋਗਰਾਮ ਉਲੀਕੇ ਜਾਂਦੇ ਹਨ। ਇਹ ਸਾਰਾ ਕੁਝ ਕਰਦਿਆਂ ਨਾਲ ਨਾਲ ਆਪਣੇ ਅੰਦਰ ਦੀ ਪੜਚੋਲ ਕਰਨ ਦੀ ਵੀ ਲੋੜ ਹੈ। ਜਿਵੇਂ ਪਾਵਨ ਗੁਰਬਾਣੀ ਵਿੱਚ ਗੁਰੂ ਸਾਹਿਬ ਸਾਨੂੰ ਸਮਝਾਉਣਾ ਕਰਦੇ ਹਨ:

***ਬੰਦੇ ਖੋਜੁ ਦਿਲ ਹਰ ਰੋਜ ਨਾ ਫਿਰੁ ਪਰੇਸਾਨੀ ਮਾਹਿ ॥*** *(ਅੰਗ ੭੨੭)*

ਇਹ ਸਭ ਤੋਂ ਵੱਡੀ ਗੱਲ ਹੈ। ਕਿਤੇ ਆਪਣੇ ਅੰਦਰ ਝਾਤੀ ਮਾਰਦਿਆਂ ਸਾਨੂੰ ਆਪਣੇ ਔਗੁਣ ਨਜ਼ਰ ਆਉਣ ਲੱਗ ਪੈਣ ਤੇ ਫਿਰ ਉਨ੍ਹਾਂ ਔਗੁਣਾਂ ਨੂੰ ਦੂਰ ਕਰਦਿਆਂ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਸਾਡਾ ਜੀਵਨ ਬਣ ਜਾਵੇ, ਸਾਡਾ ਇਸ ਧਰਤੀ ਤੇ ਆਉਣਾ ਸਫਲਾ ਹੋ ਜਾਵੇ। ਜਿਵੇਂ ਗੁਰਬਾਣੀ ਵਿੱਚ ਵੀ ਇਸ ਆਸ਼ੇ ਨੂੰ ਸਮਝਾਇਆ ਗਿਆ ਹੈ:

***ਵਿਣੁ ਗੁਣ ਕੀਤੇ ਭਗਤਿ ਨ ਹੋਇ ॥*** *(ਅੰਗ ੪)*

ਅੱਜ ਲੋੜ ਹੈ, ਆਪਣਾ ਆਪ ਚੀਨਣ ਦੀ। ਉਮਰ ਲੰਘ ਜਾਂਦੀ ਹੈ ਪਰ ਅੰਦਰ ਦੇ ਵਿਕਾਰ, ਅੰਦਰ ਦੀ ਤ੍ਰਿਸ਼ਨਾ, ਅੰਦਰ ਦੇ ਔਗੁਣਾਂ ਨੂੰ ਠੱਲ ਨਹੀਂ ਪੈਂਦੀ। ਆਪਣੇ ਔਗੁਣ ਦੀ ਪਹਿਚਾਣ ਹੋਣੀ ਬਹੁਤ ਵੱਡੀ ਕਿਰਪਾ ਦੀ ਨਿਸ਼ਾਨੀ ਹੁੰਦੀ ਹੈ ਕਿਉਂਕਿ ਜਦ ਤੱਕ ਆਪਣੀ ਬਿਮਾਰੀ ਦਾ ਪਤਾ ਨਾ ਹੋਵੇ ਤੇ ਉਦੋਂ ਤੱਕ ਉਸ ਦਾ ਇਲਾਜ ਨਹੀਂ ਹੋ ਸਕਦਾ। ਔਗੁਣ ਪਤਾ ਲੱਗੇਗਾ ਤੇ ਉਸ ਨੂੰ ਦੂਰ ਕਰਨ ਲਈ, ਉਸ ਔਗੁਣ ਕਰਕੇ ਹੋਈਆਂ ਭੁੱਲਾਂ ਨੂੰ ਬਖਸ਼ਵਾਉਣ ਦੀ ਅੰਦਰ ਸੋਝੀ ਆਵੇਗੀ। ਸਾਡੀਆਂ ਇੰਦਰੀਆਂ ਸਾਡੇ ਵੱਸ ਵਿੱਚ ਆਉਣੀਆਂ ਸ਼ੁਰੂ ਹੋ ਜਾਣ। ਹਰ ਇੰਦਰੀ ਨੂੰ ਬਿਬੇਕੀ ਪਹਿਰਾ ਮਿਲ ਜਾਵੇ, ਕੁਰਹਿਤਾਂ ਤੋਂ ਦੂਰ ਰਹਿੰਦਿਆਂ ਰਹਿਤ ਮਰਿਆਦਾ ਦੇ ਪਾਵਨ ਦਾਇਰੇ ਵਿੱਚ ਰਹਿਣ ਦਾ ਸਾਡੇ ਅੰਦਰ ਵਲ ਆ ਜਾਵੇ। ਅੰਦਰ ਦੀ ਮੈਲ ਨਿਕਲੇਗੀ ਤੇ ਅਸੀਂ ਸਿੱਖ ਬਣਨ ਦੇ ਰਾਹ ਤੇ ਚੱਲ ਸਕਾਂਗੇ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਪਾਵਨ ਬਾਣੀ ਨੂੰ ਪਿਆਰ ਨਾਲ ਪੜ੍ਹੀਏ ਤੇ ਗੁਰੂ ਸਾਹਿਬ ਵਾਰ ਵਾਰ ਸਾਨੂੰ ਸਮਝਾਉਣਾ ਕਰਦੇ ਹਨ:

***ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ ॥੧॥ ਰਹਾਉ ॥*** *(ਅੰਗ ੨੧੯)*

ਕਿੰਨੀ ਵੱਡੀ ਸਚਾਈ ਛੁਪੀ ਹੈ। ਮਰਦ ਤਾਂ ਉਹ ਹੁੰਦਾ ਹੈ ਜਿਹੜਾ ਮੈਦਾਨ-ਏ-ਜੰਗ ਵਿੱਚ ਡੱਟ ਜਾਵੇ ਪਰ ਗੁਰੂ ਸਾਹਿਬ ਇੱਥੇ ਸਮਝਾਉਣਾ ਕਰਦੇ ਹਨ, ਕਿਤੇ ਪਤਾ ਲੱਗ ਜਾਵੇ ਕਿ ਇੱਥੇ ਜਾਣ ਨਾਲ ਜਾਂ ਇਸ ਕਾਰਨ ਕਾਮ, ਕਰੋਧ ਦਾ ਵਲਵਲਾ ਮੇਰੇ ਅੰਦਰ ਵੱਧ ਜਾਣਾ ਹੈ ਤੇ ਗੁਰੂ ਸਾਹਿਬ ਕਹਿੰਦੇ ਹਨ ਕਿ ਇੱਥੋਂ ਦੂਰ ਭੱਜ ਜਾ। ਕਿਤੇ ਇਨ੍ਹਾਂ ਦਾ ਕਿਨਕਾ ਮਾਤਰ ਛਿੱਟਾ ਵੀ ਤੇਰੀ ਕੀਤੀ ਕਮਾਈ ਨੂੰ ਕਿਤੇ ਰੋੜ੍ਹ ਕੇ ਨਾ ਲੈ ਜਾਵੇ। ਬੜਾ ਜ਼ਰੂਰੀ ਹੈ। ਅੱਜ ਮੋਬਾਈਲ ਖੋਲ੍ਹੋ ਤੇ ਅਜਿਹੀਆਂ ਸਾਈਟਾਂ ਸਾਹਮਣੇ ਆ ਜਾਂਦੀਆਂ ਹਨ ਜਿਸ ਨਾਲ ਕੀਤੀ ਹੋਈ ਬੰਦਗੀ ਦੀ ਕਮਾਈ ਇੱਕ ਦਮ ਰੁੜ੍ਹ ਜਾਂਦੀ ਹੈ। ਅੱਜ ਲੋੜ ਹੈ, ਇਸ ਤੋਂ ਬਚਣ ਦੀ। ਕਿਰਪਾ ਗੁਰੂ ਸਾਹਿਬ ਦੀ ਚਾਹੀਦੀ ਹੈ ਪਰ ਆਪਣੇ ਅੰਦਰ ਇੱਕ ਕਸਕ ਹੋਵੇ, ਅੰਦਰੋਂ ਅਰਦਾਸ ਨਿਕਲੇ, ਹੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ, ਕਿਰਪਾ ਕਰੋ, ਸਾਡੀ ਹਰ ਇੰਦਰੀ ਨੂੰ ਬਿਬੇਕੀ ਪਹਿਰਾ ਬਖਸ਼ਸ਼ ਕਰ ਦੇਵੋ, ਰਹਿਤ ਮਰਿਆਦਾ ਦੇ ਦਾਇਰੇ ਵਾਲਾ ਪਾਵਨ ਜੀਵਨ ਬਖਸ਼ ਦਿਓ ਤਾਂ ਕਿ ਸਾਡਾ ਇਹ ਲੋਕ ਪਰਲੋਕ ਸਫਲ ਹੋ ਸਕੇ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

***—ਸੰਪਾਦਕ***

# ਚਾਲੀ ਮੁਕਤਿਆਂ ਦਾ ਇਤਿਹਾਸ

## ਸ੍ਰੀ ਮੁਕਤਸਰ ਸਾਹਿਬ ਦੀ ਵਿਲੱਖਣ ਮਹੱਤਤਾ

### ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੁਆਰਾ ਦਿੱਤੇ ਗਏ ਪ੍ਰੋਗਰਾਮ ਦਾ ਉਤਾਰਾ (VCD 196)

*—ਜਸਵਿੰਦਰ ਸਿੰਘ (ਪਟਿਆਲਾ)*

***ਟੂਟੀ ਗਾਢਨਹਾਰ ਗੋੁਪਾਲ ॥***
***ਸਰਬ ਜੀਆ ਆਪੇ ਪ੍ਰਤਿਪਾਲ ॥***

*(ਅੰਗ ੨੮੨)*

ਸਾਰੀ ਸੰਗਤ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਿਰਾਲੇ ਚੋਜਾਂ ਦੇ ਪਿਆਰ ਵਿੱਚ ਆ ਕੇ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ।

ਹਰ ਸਾਲ ਜਨਵਰੀ ਦੇ ਮਹੀਨੇ ਦਿਹਾੜਾ ਆਉਂਦਾ ਹੈ, ਟੁੱਟੀਆਂ ਨੂੰ ਗੰਢਣ ਦਾ। ਸਭ ਤੋਂ ਮਾੜਾ ਦਿਨ ਹੈ, ਜਿਸ ਦਿਨ ਸਿੱਖ ਗੁਰੂ ਨਾਲੋਂ ਟੁੱਟ ਜਾਵੇ, ਮੁਰਸ਼ਦ ਨਾਲੋਂ ਟੁੱਟ ਜਾਵੇ, ਸੰਗਤ ਨਾਲੋਂ ਟੁੱਟ ਜਾਵੇ। **ਬਾਬਾ ਨੰਦ ਸਿੰਘ ਜੀ ਦਾ ਬਚਨ ਹੈ, ਸਭ ਤੋਂ ਚੰਗਾ ਦਿਨ ਹੈ, ਜਿਸ ਦਿਨ ਗੁਰਸਿੱਖ, ਗੁਰਮੁੱਖ ਦੀ ਸੰਗਤ ਹੋਵੇ, ਕਿਸੇ ਰੰਗੇ ਦੀ ਸੰਗਤ ਹੋਵੇ।** ਸਭ ਤੋਂ ਮਾੜਾ ਦਿਨ ਕਿਹੜਾ ਹੈ? ਜਿਸ ਦਿਨ ਸ਼ਹੀਦ ਸਿੰਘਾਂ ਲਈ, ਮਹਾਂਪੁਰਸ਼ਾਂ ਲਈ ਤੇ ਆਪਣੇ ਗੁਰੂ ਲਈ ਤਰੇੜ ਆ ਜਾਵੇ, ਉਹ ਦਿਨ ਸਭ ਤੋਂ ਮਾੜਾ ਹੈ।

ਹੁਣ ਬਿਰਤੀ ਲੈ ਜਾਓ, ਸ੍ਰੀ ਅਨੰਦਪੁਰ ਸਾਹਿਬ। ਲਗਭਗ ਜੂਨ 1705 ਤੋਂ ਪਹਿਲਾਂ ਸ੍ਰੀ ਅਨੰਦਪੁਰ ਸਾਹਿਬ ਵਿਖੇ ਜੋ ਸਮਾਂ ਅਮਨ ਚੈਨ ਦੇ ਨਾਲ ਬੀਤਿਆ। ਰਣਜੀਤ ਨਗਾਰੇ ਦਾ ਉਹ ਜੋਬਨ, ਮੁਗਲਾਂ ਅਤੇ ਪਹਾੜੀ ਰਾਜਿਆਂ ਕੋਲੋਂ ਗੁਰੂ ਘਰ ਦੀ ਚੜ੍ਹਦੀ ਕਲਾ ਸਹਾਰੀ ਨਹੀਂ ਗਈ ਤੇ ਹੁਣ ਮੁਗਲਾਂ ਤੇ ਪਹਾੜੀ ਰਾਜਿਆਂ ਨੇ ਰਲ ਕੇ ਸ੍ਰੀ ਅਨੰਦਪੁਰ ਸਾਹਿਬ ਦੇ ਕਿਲ੍ਹੇ ਨੂੰ ਘੇਰਾ ਪਾ ਲਿਆ।

ਘੇਰਾ ਇੱਕ ਦਿਨ ਨਹੀਂ ਪਿਆ, ਇੱਕ ਹਫਤਾ ਜਾਂ ਮਹੀਨਾ ਨਹੀਂ ਪਿਆ ਬਲਕਿ ਸੱਤ ਮਹੀਨੇ ਘੇਰਾ ਪਿਆ ਰਿਹਾ। ਟੋਟਲ ਦਿਨ ਕੁਝ ਇਤਿਹਾਸਕਾਰਾਂ ਨੇ ਸੱਤ ਮਹੀਨੇ 13 ਦਿਨ ਲਿਖੇ ਹਨ। ਜਿਹੜਾ ਸ੍ਰੀ ਅਨੰਦਪੁਰ ਸਾਹਿਬ ਨੂੰ ਘੇਰਾ ਪਿਆ ਹੈ, ਇਸ ਘੇਰੇ ਦਾ ਸੱਤਵਾਂ ਮਹੀਨਾ ਸੀ ਤੇ ਕੁਝ ਸਿੱਖਾਂ ਦਾ ਸਿਦਕ ਤਾਂ ਕਾਇਮ ਰਿਹਾ ਪਰ ਕੁਝ ਸਿਦਕ ਤੋਂ ਡੋਲ ਗਏ। ਮਨ ਵਿੱਚ ਤਰੇੜ ਆ ਗਈ ਤੇ ਕੁਝ ਸਿੰਘ ਗੁਰੂ ਸਾਹਿਬ ਨੂੰ ਬੇਨਤੀ ਕਰਦੇ ਹਨ, ਸਤਿਗੁਰੂ ਜੀ! ਸਮਝੌਤਾ ਕਰ ਲਵੋ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਭਾਈ, ਮੈਂ ਤਾਂ ਆਪ ਸਮਝੌਤਾਵਾਦੀ ਹਾਂ। ਸਮਝੌਤਾ ਸਭ ਤੋਂ ਵੱਡੀ ਗੱਲ ਹੈ। ਪਰ ਕੀ ਕਰਾਂ, ਝੂਠਿਆਂ ਨਾਲ ਸਮਝੌਤਾ ਕਿਵੇਂ ਕਰਾਂ? ਇਹ ਜਿਹੜੀ ਆਟੇ ਦੀ ਗਊ ਬਣਾ ਕੇ ਸਹੁੰ ਖਾ ਰਹੇ ਹਨ ਪਰ ਅੰਦਰੋਂ ਝੂਠੇ ਹਨ। ਕੁਰਾਨ ਦੀ ਸਹੁੰ ਖਾ ਰਹੇ ਹਨ ਪਰ ਅੰਦਰੋਂ ਝੂਠੇ ਹਨ। ਉਹ ਦਿਨ ਬੀਤ ਗਿਆ। ਤਰੇੜ ਵਧਣੀ ਸ਼ੁਰੂ ਹੋ ਗਈ। ਗੁਰੂ ਸਾਹਿਬ ਹੀ ਕ੍ਰਿਪਾ ਕਰਨ, ਸਾਡੀ ਜ਼ਿੰਦਗੀ ਵਿੱਚ ਕਦੀ ਐਸਾ ਸਮਾਂ ਨਾ ਬਣੇ ਕਿ ਸਾਡੇ ਮਨ ਵਿੱਚ ਗੁਰੂ ਸਾਹਿਬ ਲਈ ਤਰੇੜ ਆਵੇ। ਜਦੋਂ ਗੁਰੂ ਸਾਹਿਬ ਲਈ ਮਨ ਵਿੱਚ ਤਰੇੜ ਆਉਂਦੀ ਹੈ ਤਾਂ ਕਈ ਗੱਲਾਂ ਨਿੰਦਿਆ ਵਾਲੀਆਂ ਹੋ ਜਾਂਦੀਆਂ ਹਨ।



*ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਕਥਾ-ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ।*

ਦਿਨ ਬੀਤਣ ਦੇ ਨਾਲ ਕੁਝ ਸਿੰਘਾਂ ਦੇ ਮਨਾਂ ਵਿੱਚ ਤਰੇੜ ਵਧਣੀ ਸ਼ੁਰੂ ਹੋ ਗਈ। ਭਾਈ ਮਹਾਂ ਸਿੰਘ ਜੀ ਤੇ ਕੁਝ ਹੋਰ ਸਿੰਘ ਫਿਰ ਆਪਸ ਵਿੱਚ ਗੱਲ ਕਰਦੇ ਹਨ ਜਿਨ੍ਹਾਂ ਗੱਲਾਂ ਵਿੱਚ ਗੁਰੂ ਜੀ ਦੀ ਨਿੰਦਿਆ ਸ਼ੁਰੂ ਹੋ ਗਈ। ਸਾਨੂੰ ਕਿੰਨੇ ਮਹੀਨੇ ਹੋ ਗਏ ਹਨ ਅਸੀਂ ਆਪਣੇ ਪਰਿਵਾਰਾਂ ਨੂੰ ਨਹੀਂ ਮਿਲੇ। ਗੁਰੂ ਸਾਹਿਬ ਸਾਨੂੰ ਜਾਣ ਨਹੀਂ ਦਿੰਦੇ, ਸਮਝੌਤਾ ਕਰਦੇ ਨਹੀਂ ਤੇ ਹੌਲੀ ਹੌਲੀ ਕਰਕੇ ਇਹ ਤਰੇੜਾਂ ਜ਼ਿਆਦਾ ਵਧ ਗਈਆਂ।

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੂੰ ਅਗਲੇ ਦਿਨ ਫਿਰ ਭਾਈ ਮਹਾਂ ਸਿੰਘ ਤੇ ਕੁਝ ਹੋਰ ਸਿੰਘ ਕਹਿਣ ਲੱਗੇ, ਸਤਿਗੁਰੂ ਜੀ ਕੋਈ ਹੱਲ ਕੱਢੋ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿਣ ਲੱਗੇ, ਕਿ ਇਹ ਨਾ ਸੋਚੋ, ਮੈਂ ਤੁਹਾਨੂੰ ਸ਼ਹੀਦ ਕਰਵਾ ਲਵਾਂਗਾ ਤੇ ਸਾਹਿਬਜ਼ਾਦਾ ਅਜੀਤ ਸਿੰਘ ਨੂੰ ਬਚਾ ਲਵਾਂਗਾ। ਇਹ ਨਾ ਸੋਚੋ ਕਿ ਤੁਹਾਨੂੰ ਸ਼ਹੀਦ ਕਰਵਾ ਲਵਾਂਗਾ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਬਚਾ ਲਵਾਂਗਾ, ਓਏ ਭੋਲਿਓ, ਤੁਹਾਡੇ ਨਾਲ ਜੇ ਉਹ ਵੀ ਲੇਖੇ ਲੱਗਣਗੇ ਅਸੀਂ ਆਪ ਵੀ ਲੇਖੇ ਲੱਗਾਂਗੇ। ਉਹ ਦਿਨ ਵੀ ਬੀਤ ਗਿਆ ਪਰ ਤਰੇੜ ਕਿਤੇ ਗਿਆਨ ਨਾਲ ਖਤਮ ਹੋ ਜਾਂਦੀ, ਉਹ ਖਤਮ ਨਹੀਂ ਹੋਈ, ਤਰੇੜ ਕਰਕੇ ਨਿੰਦਿਆ ਹੋਰ ਵਧ ਗਈ। ਸਭ ਤੋਂ ਮਾੜੇ ਦਿਨ ਇਹ ਹੁੰਦੇ ਹਨ। ਭਾਈ ਮਹਾਂ ਸਿੰਘ ਜੀ ਦੀਆਂ ਅੱਖਾਂ ਅੱਗੇ ਆਪਣੇ ਬੱਚੇ ਦੀਆਂ ਤੋਤਲੀਆਂ ਗੱਲਾਂ ਦੇ ਸੀਨ ਆਉਂਦੇ ਹਨ, ਇੰਨਾ ਵੱਡਾ ਹੋ ਗਿਆ ਹੋਣਾ ਹੈ, ਮੈਨੂੰ ਗੁਰੂ ਜੀ ਘਰ ਨਹੀਂ ਜਾਣ ਦਿੰਦੇ, ਰੋਕ ਕੇ ਬੈਠੇ ਹਨ। ਤੀਜੇ ਦਿਨ ਫਿਰ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ ਜੀ! ਆਗਿਆ ਦੇ ਦਿਓ। ਸਤਿਗੁਰੂ ਜੀ ਕਹਿਣ ਲੱਗੇ, ਭਾਈ ਮਹਾਂ ਸਿੰਘ ਤੇ ਹੋਰ ਸਾਥੀਆਂ ਨੂੰ ਕਿ ਜੇ ਤੁਸੀਂ ਜਿਉਂਦੇ ਰਹਿ ਗਏ ਤਾਂ ਵੀ ਰਾਜ ਭੋਗੋਗੇ ਤੇ ਜੇ ਸ਼ਹੀਦ ਹੋ ਗਏ ਤਾਂ ਅੱਗੇ ਜਾ ਕੇ ਰਾਜ ਭੋਗੋਗੇ। ਕਿਉਂ ਮਨ ਛੋਟਾ ਕਰ ਰਹੇ ਹੋ? ਗੁਰੂ ਸਾਹਿਬ ਦੀਆਂ ਗੱਲਾਂ ਨਾਲ ਕੁਝ ਸਮਾਂ ਅਸਰ ਰਿਹਾ, ਤੀਜਾ ਦਿਨ ਵੀ ਲੰਘ ਗਿਆ ਤੇ ਉਹ ਕਿਤੇ ਗਿਆਨ ਸੰਭਾਲ ਲੈਂਦੇ ਪਰ ਉਹ ਆਪਣੇ ਕਮਰਿਆਂ ਵਿੱਚ,

ਆਪਣੇ ਤੰਬੂਆਂ ਵਿੱਚ, ਆਪਣੀ ਜਗ੍ਹਾ ਤੇ ਜਾ ਕੇ ਗੱਲਾਂ ਕਰਦੇ ਹਨ ਤੇ ਨਿੰਦਿਆ ਦੀ ਪ੍ਰਵਿਰਤੀ ਫਿਰ ਭਾਰੂ ਹੋ ਜਾਂਦੀ ਹੈ। ਸਾਨੂੰ ਘਰ ਜਾਣ ਦੀ ਆਗਿਆ ਹੀ ਨਹੀਂ ਮਿਲ ਰਹੀ, ਸਾਨੂੰ ਆਗਿਆ ਹੀ ਨਹੀਂ ਦੇ ਰਹੇ। ਚੌਥੇ ਦਿਨ ਫਿਰ ਆ ਗਏ, ਸਤਿਗੁਰੂ ਜੀ! ਆਗਿਆ ਦੇ ਦਿਓ। ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿਣ ਲੱਗੇ, ਭਾਈ ਮਹਾਂ ਸਿੰਘ, ਫਿਰ ਜੇ ਆਗਿਆ ਲੈਣੀ ਹੈ ਤਾਂ ਇੱਕ ਕਾਗਜ਼ ਤੇ ਲਿਖ ਦੇ, ਤੂੰ ਸਾਡਾ ਗੁਰੂ ਨਹੀਂ ਤੇ ਅਸੀਂ ਤੇਰੇ ਸਿੱਖ ਨਹੀਂ। ਲਿਖਣਾ ਔਖਾ ਹੈ। ਜ਼ਬਾਨੀ ਗੱਲ ਕਰ ਦੇਣੀ ਸੌਖੀ ਹੈ ਪਰ ਕਹਿੰਦੇ ਕਿ ਅੰਦਰ ਇੰਨਾ ਹੜ੍ਹ ਆਇਆ ਪਿਆ ਸੀ, ਗੁਰੂ ਸਾਹਿਬ ਪ੍ਰਤੀ ਕਿ ਇੱਕ ਕਾਗਜ਼ ਤੇ ਲਿਖ ਦਿੱਤਾ ਭਾਈ ਮਹਾਂ ਸਿੰਘ ਜੀ ਨੇ ਕਿ ਹੇ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ। ਗੁਰੂ ਕਲਗੀਧਰ ਮਹਾਰਾਜ ਜੀ ਕਹਿੰਦੇ, ਥੱਲੇ ਸਿਰਨਾਵਾਂ ਪਾ ਦੇ, ਆਪਣਾ ਨਾਂ ਲਿਖ ਦੇ। ਨਾਂ ਲਿਖ ਦਿੱਤਾ। ਸਤਿਗੁਰੂ ਜੀ ਕਹਿੰਦੇ ਕਿ ਨਾਂਅ ਦੇ ਥੱਲੇ ਆਪਣੇ ਦਸਤਖਤ ਵੀ ਕਰ ਦੇ। ਜਦੋਂ ਦਸਤਖਤ ਕਰ ਦਿੱਤੇ ਤਾਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ ਕਿ ਹੁਣ ਜਿਹੜਾ ਵੀ ਇਸ ਦੇ ਨਾਲ ਜਾਣਾ ਚਾਹੁੰਦਾ ਹੈ ਤਾਂ ਇਸ ਦੇ ਥੱਲੇ ਆਪਣੇ ਦਸਤਖਤ ਕਰੀ ਜਾਵੇ ਤੇ ਜਾਈ ਜਾਵੇ।

ਕੁੱਲ ਚਾਲੀ, ਇੱਕ ਭਾਈ ਮਹਾਂ ਸਿੰਘ ਜੀ ਤੇ 39 ਹੋਰ ਸਿੰਘਾਂ ਨੇ ਦਸਤਖਤ ਕਰ ਦਿੱਤੇ। ਤੁਸੀਂ ਸਾਡੇ ਗੁਰੂ ਨਹੀਂ, ਅਸੀਂ ਤੁਹਾਡੇ ਸਿੱਖ ਨਹੀਂ। ਹੁਣ ਘਰ ਜਾ ਰਹੇ ਹਨ, ਰਸਤੇ ਵਿੱਚ ਹੀ ਆਤਮਾ ਅਵਾਜ਼ ਦਿੰਦੀ ਹੈ ਕਿ ਗਲਤ ਕਰ ਆਏ ਹੋ ਪਰ ਮਨ ਜਿਹੜਾ ਹੈ, ਚੰਚਲ ਹੈ, ਉਹ ਫਿਰ ਦਿਲ ਹੈਵੀ ਕਰਦੇ ਹਨ, ਚੰਗੇ ਵੇਲੇ ਨਿਕਲ ਆਏ ਹਾਂ, ਚੰਗੇ ਵੇਲੇ ਆ ਗਏ ਹਾਂ, ਚੰਗੇ ਵੇਲੇ ਰੁੱਕਾ ਲਿਖ ਕੇ ਦੇ ਆਏ ਹਾਂ। ਜਦੋਂ ਇਹ ਆਪਣੇ ਘਰ ਪਹੁੰਚੇ ਝਬਾਲ ਵਾਲੇ ਬੰਨੇ, ਮਾਝਾ ਕਹਿੰਦੇ ਹਨ ਉਸ ਇਲਾਕੇ ਨੂੰ, ਜਦੋਂ ਝਬਾਲ ਵਾਲੀ ਸਾਈਡ ਆਪਣੇ ਘਰ ਪਹੁੰਚੇ ਤੇ ਜਦੋਂ ਭਾਈ ਮਹਾਂ ਸਿੰਘ ਜੀ ਨੇ ਬੂਹਾ ਖੜਕਾਇਆ ਤੇ ਅਵਾਜ਼ ਦਿੱਤੀ ਕਿ ਬੂਹਾ ਖੋਲ੍ਹੋ। ਪਿਉ ਦੀਆਂ ਅੱਖਾਂ ਦੀ ਜੋਤ ਬਹੁਤ ਘੱਟ ਗਈ। ਆਪਣੀ ਘਰਵਾਲੀ ਨੂੰ ਕਹਿੰਦਾ ਹੈ ਕਿ ਪੁੱਤਰ ਦੀ ਅਵਾਜ਼ ਜਾਪਦੀ ਹੈ, ਜਲਦੀ ਬੂਹਾ ਖੋਲ੍ਹ। ਤੇਰਾ ਪੁੱਤਰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਦਰਸ਼ਨ ਕਰਕੇ ਆਇਆ ਹੈ, ਮੈਂ ਉਸ ਦੇ ਦਰਸ਼ਨ ਕਰ ਲਵਾਂ। ਮਾਂ ਨੇ ਬੂਹਾ ਖੋਲ੍ਹਿਆ, ਹੱਥ ਵਿੱਚ ਰੋਟੀ ਹੈ, ਬਜ਼ੁਰਗ ਹੈ, ਹਾਂ ਪੁੱਤਰਾ! ਅੱਜ ਮੇਰੇ ਕਿੰਨੇ ਵੱਡੇ ਭਾਗ ਹਨ, ਤੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸੇਵਾ ਕਰਕੇ ਆਇਆ ਹੈ ਤੇ ਮੈਨੂੰ ਤੇਰੇ ਦਰਸ਼ਨ ਹੋ ਗਏ। ਉਹ ਚੁੱਪ ਹੈ ਜਿਵੇਂ ਅੰਦਰ ਸ਼ਰਮਿੰਦਗੀ ਹੈ। ਅੱਗੋਂ ਭੈਣ ਪਾਣੀ ਲੈ ਕੇ ਆ ਗਈ, ਵੀਰ ਆਇਆ ਹੈ। ਮੈਂ ਜਲ ਛਕਾਵਾਂ। ਲੈ ਵੀਰਾ, ਤੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਸੇਵਾ ਵਿੱਚ ਆਪਣਾ ਸਮਾਂ ਲਗਾ ਕੇ ਆਇਆ ਹੈਂ, ਮੈਂ ਵੀ ਜਲ ਛਕਾ ਕੇ ਆਪਣੇ ਹੱਥ ਪਵਿੱਤਰ ਕਰ ਲਵਾਂ। ਮੰਜੀ ਤੇ ਬੈਠਾ ਬਜ਼ੁਰਗ ਪਿਤਾ ਆਖਦਾ ਹੈ, ਪੁੱਤਰ! ਗੁਰੂ ਸਾਹਿਬ ਦੀ ਗੱਲ ਸੁਣਾ। ਜੰਗ ਫਤਹਿ ਹੋ ਗਈ ਹੈ ਜਾਂ ਸਮਝੌਤਾ ਹੋ ਗਿਆ ਹੈ? ਕਿਵੇਂ ਆ ਗਿਆ ਹੈ? ਉਹ ਫਿਰ ਚੁੱਪ। ਕਿਵੇਂ ਸੱਚ ਬੋਲੇ। ਪਿਤਾ ਕਹਿੰਦਾ ਹੈ, ਤੂੰ ਬੋਲਦਾ ਨਹੀਂ, ਤੇਰੇ ਨਾ ਬੋਲਣ ਤੋਂ ਮੈਨੂੰ ਕੁਝ ਸ਼ੱਕ ਪੈ ਰਿਹਾ ਹੈ, ਤੂੰ ਕੁਝ ਬੋਲਦਾ ਕਿਉਂ ਨਹੀਂ। ਜੰਗ ਫਤਹਿ ਹੋ ਗਈ ਹੈ ਤਾਂ ਤੈਨੂੰ ਆਗਿਆ ਮਿਲੀ ਹੈ ਜਾਂ ਮੁਗਲਾਂ ਨਾਲ ਸਮਝੌਤਾ ਹੋ ਗਿਆ ਹੈ? ਘੇਰਾ ਖਤਮ ਹੋ ਗਿਆ ਹੈ? ਤੂੰ ਬੋਲਦਾ ਨਹੀਂ, ਜਦੋਂ ਦੋ-ਚਾਰ ਵਾਰੀ ਪਿਤਾ ਨੇ ਬੋਲਿਆ ਕਿ ਤੂੰ ਬੋਲਦਾ ਨਹੀਂ ਤਾਂ ਅੱਗੋਂ ਭਾਈ ਮਹਾਂ ਸਿੰਘ ਜੀ ਕਹਿੰਦੇ, ਪਿਤਾ

ਜੀ, ਨਾ ਸਮਝੌਤਾ ਹੋਇਆ ਹੈ, ਨਾ ਜੰਗ ਖਤਮ ਹੋਈ ਹੈ, ਮੈਂ ਬੇਦਾਵਾ ਲਿਖ ਕੇ ਦੇ ਆਇਆ ਹਾਂ, ਤੁਸੀਂ ਮੇਰੇ ਗੁਰੂ ਨਹੀਂ, ਅਸੀਂ ਤੁਹਾਡੇ ਸਿੱਖ ਨਹੀਂ। ਇੰਨੀ ਗੱਲ ਸੁਣਦਿਆਂ ਹੀ ਉਸ ਘਰ ਵਿੱਚ ਐਸਾ ਸੋਗ ਦਾ ਮਾਹੌਲ ਹੋ ਗਿਆ ਕਿ ਮਾਂ ਧੜੰਮ ਕਰਕੇ ਡਿੱਗ ਪਈ। ਨਿਰੰਕਾਰ ਦੀ ਦੁਨੀਆਂ ਵਿੱਚ ਤੂੰ ਮੇਰੇ ਮੱਥੇ ਨੂੰ ਕਲੰਕ ਲਗਾ ਦਿੱਤਾ ਹੈ, ਜਿਹੜਾ ਆਪਣੇ ਗੁਰੂ ਨੂੰ ਇਹ ਲਿਖ ਕੇ ਦੇ ਆਇਆ ਹੈ। ਤੇਰੇ ਕਰਕੇ ਮੈਨੂੰ ਕਲੰਕ ਲੱਗ ਗਿਆ ਹੈ। ਪਿਤਾ ਆਖਦਾ ਹੈ, ਓ ਪੁੱਤਰਾ! ਇੰਨੀ ਬੁਢੜੀ ਉਮਰ ਵਿੱਚ ਜਿੱਥੇ ਮੈਨੂੰ ਮਾਣ ਸੀ ਕਿ ਮੇਰਾ ਪੁੱਤਰ ਗੁਰੂ ਘਰ ਵਾਲੇ ਬੰਨੇ ਲੱਗਾ ਹੈ, ਦਰਗਾਹ ਵਿੱਚ ਮੈਂ ਕਿਹੜਾ ਮੂੰਹ ਵਿਖਾਵਾਂਗਾ ਕਿ ਇੱਕ ਬੇਮੁੱਖ ਦਾ ਪਿਉ ਹਾਂ। ਭੈਣ ਦੇ ਮੁੱਖ ਵਿੱਚੋਂ ਵੀ ਨਿਕਲਿਆ, ਇਨ੍ਹਾਂ ਹੱਥਾਂ ਨਾਲ ਤੈਨੂੰ ਕਿਵੇਂ ਪਾਣੀ ਪਿਲਾਵਾਂ ਜਿਨ੍ਹਾਂ ਹੱਥਾਂ ਨਾਲ ਤੂੰ ਬੇਦਾਵਾ ਲਿਖ ਕੇ ਦੇ ਆਇਆ ਹੈਂ, ਅੱਜ ਪਤਾ ਲੱਗਾ ਕਿ ਗੁਰੂ ਦਾ ਹੱਥ ਸਿਰ ਤੋਂ ਉੱਠ ਗਿਆ ਹੈ ਤੇ ਕਿਵੇਂ ਸਾਰੇ ਹੀ ਸਾਥ ਛੱਡ ਗਏ :

***ਬਿਨੁ ਗੁਰ ਪੂਰੇ ਨਾਹੀ ਉਧਾਰੁ ॥***
***ਬਾਬਾ ਨਾਨਕੁ ਆਖੈ ਏਹੁ ਬੀਚਾਰੁ ॥੨॥੧੧॥***

*(ਅੰਗ ੮੮੬)*

ਧੰਨ ਬਾਬਾ ਈਸ਼ਰ ਸਿੰਘ ਜੀ ਪੜ੍ਹਾਉਂਦੇ ਸੀ:

***ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।***

ਸਭ ਤੋਂ ਮਾੜਾ ਦਿਨ ਹੈ, ਜਿਸ ਦਿਨ ਗੁਰੂ ਤੋਂ ਸਿਦਕ ਚਲਾ ਜਾਵੇ। ਅੱਜ ਪਤਾ ਲੱਗ ਗਿਆ ਹੈ, ਗੁਰੂ ਤੋਂ ਬੇਮੁੱਖ ਹੋਣ ਦਾ। ਨਾ ਭੈਣ ਮੂੰਹ ਲਗਾ ਰਹੀ ਹੈ, ਨਾ ਪਿਤਾ ਲਗਾ ਰਿਹਾ ਹੈ, ਨਾ ਮਾਤਾ ਮੂੰਹ ਲਗਾ ਰਹੀ ਹੈ ਅਤੇ ਨਾ ਹੀ ਪਿੰਡ ਵਾਲੇ ਮੂੰਹ ਲਗਾ ਰਹੇ ਹਨ। ਔਖੀ ਸੌਖੀ ਰਾਤ ਕੱਟੀ। ਮਾਝੇ ਵਾਲੇ ਪਾਸੇ ਦੇ 40 ਸਿੰਘ ਸਵੇਰੇ ਸਾਰੇ ਹੀ ਇੱਕ ਗੁਰਦੁਆਰਾ ਸਾਹਿਬ ਇਕੱਠੇ ਹੋਏ, ਹੁਣ ਹਰ ਕੋਈ ਇੱਕ ਦੂਜੇ ਨੂੰ ਪੁੱਛਦਾ ਹੈ, ਤੇਰੇ ਨਾਲ ਕੀ ਬੀਤੀ, ਦੂਜਾ ਤੀਜੇ ਨੂੰ ਪੁੱਛਦਾ ਹੈ, ਤੇਰੇ ਨਾਲ ਕੀ ਬੀਤੀ। ਜੋ ਭਾਈ ਮਹਾਂ ਸਿੰਘ ਜੀ ਨਾਲ ਬੀਤੀ, ਤੁਸੀਂ ਉੱਪਰ ਪੜ੍ਹੀ ਹੈ, ਇਹ ਸਭ ਨਾਲ ਹੀ ਬੀਤੀ। ਸਾਰਿਆਂ ਦੇ ਮਨ ਨੂੰ ਠੇਸ ਲੱਗੀ ਕਿ ਗੁਰੂ ਜੀ ਨੂੰ ਬੇਦਾਵਾ ਲਿਖ ਕੇ ਦੇ ਆਏ ਹਾਂ। ਜਦੋਂ ਗੁਰਦੁਆਰਾ ਸਾਹਿਬ ਸਵੇਰੇ ਸਾਰੇ ਇਕੱਠੇ ਹੋਏ ਤਾਂ ਕੀਰਤਨ ਹੋ ਰਿਹਾ ਸੀ, ਹੁਣ ਸਾਰੇ ਬੈਠ ਗਏ। ਜਦੋਂ ਬਾਅਦ ਵਿੱਚ ਕਥਾ ਹੋਈ, ਕੁਦਰਤੀ ਕਥਾ ਵਿੱਚ ਉਹੀ ਵਿਚਾਰਾਂ ਹੋਈਆਂ ਜੋ ਇਨ੍ਹਾਂ ਦੇ ਅੰਦਰ ਸਾਧ ਸੰਗਤ ਜੀ ਅੱਗ ਲੱਗੀ ਹੋਈ ਸੀ। ਇਹ ਕੁਦਰਤੀ ਗੱਲ ਹੈ, ਸਟੇਜ ਇਕੋ ਹੀ ਹੁੰਦੀ ਹੈ, ਪ੍ਰਕਾਸ਼ ਸਤਿਗੁਰੂ ਜੀ ਦਾ ਹੁੰਦਾ ਹੈ, ਰਾਗੀ ਸਿੰਘ ਵੀ ਇੱਕ ਹੀ ਹੁੰਦੇ ਹਨ ਪਰ ਸੁਣਨ ਵਾਲੇ ਸਾਰੇ ਸਰੋਤਿਆਂ ਨੂੰ ਆਪਣੀ ਅੰਦਰਲੀ ਗੱਲ ਦਾ ਜਵਾਬ ਮਿਲ ਜਾਂਦਾ ਹੈ ਕਿ ਇਸ ਸ਼ਬਦ ਵਿੱਚ ਸੇਧ ਮੇਰੇ ਲਈ ਹੈ। ਜੋ ਉਸ ਦਿਨ ਇਨ੍ਹਾਂ ਦੇ ਨਾਲ ਬੀਤੀ, ਉਸ ਦਿਨ ਕਥਾ ਵੀ ਉਹੋ ਹੋ ਰਹੀ ਹੈ, ਉਸ ਸਮੇਂ ਦੀ ਕਥਾ ਜਿਹੜੀ ਹੈ, ਕੁਝ ਰਾਈਟਰਾਂ ਨੇ, ਭਾਈ ਵੀਰ ਸਿੰਘ ਜੀ ਨੇ ਉਸ ਨੂੰ ਲਿਖਿਆ ਹੈ ਕਿ ਕਥਾ ਵਿੱਚ ਵਿਚਾਰ ਚੱਲ ਰਹੀ ਸੀ:

***ਪਾਪੀ ਬਹੁ ਪਰਕਾਰ ਕੇ ਉਤਮ ਮੱਧਮ ਜਾਣ।***

ਪਾਪ ਇਕ ਤਰ੍ਹਾਂ ਦਾ ਨਹੀਂ, ਪਾਪ ਬਹੁ ਤਰ੍ਹਾਂ ਦੇ ਹਨ, ਕੋਈ ਉੱਤਮ, ਕੋਈ ਛੋਟੇ, ਕੋਈ ਨੀਂਵੇ, ਕੋਈ ਵੱਡੇ। ਕਥਾ ਵਿੱਚ ਅਗਲੀ ਲਾਈਨ ਸੀ,

***ਹਤਿਆ ਛੇ ਪ੍ਰਕਾਰ ਕੀ ਮਨ ਮਹਿ ਲੇਹੁ ਪਛਾਣ।***

ਪਾਪ ਕਈ ਤਰ੍ਹਾਂ ਦੇ ਹਨ ਪਰ ਹੱਤਿਆ ਛੇ ਤਰ੍ਹਾਂ ਦੀ ਹੈ। ਇਹ ਉਸ ਦਿਨ ਕਥਾ ਚੱਲ ਰਹੀ ਹੈ:

***ਸਭ ਤੇ ਊਤਮ ਹਰਿ ਕੀ ਕਥਾ ॥***
***ਨਾਮੁ ਸੁਨਤ ਦਰਦ ਦੁਖ ਲਥਾ ॥***

*(ਅੰਗ ੨੬੫)*

ਇਹ ਗੱਲਾਂ ਪੱਲੇ ਬੰਨਿਓ। ਕਦੀ ਤੁਹਾਡੇ ਮਨ ਵਿੱਚ ਅੱਗ ਲੱਗੀ ਹੋਈ ਹੋਵੇ, ਜਿੱਥੇ ਕਿਤੇ ਕਥਾ-

ਕੀਰਤਨ ਚੱਲ ਰਿਹਾ ਹੋਵੇ, ਉੱਥੇ ਚਲੇ ਜਾਇਓ। ਦਾਸ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਬੇਨਤੀ ਕਰ ਰਿਹਾ ਹੈ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੁਹਾਨੂੰ ਜਵਾਬ ਦੇ ਕੇ ਭੇਜਣਗੇ।

***ਪਾਰਬ੍ਰਹਮੁ ਹੋਆ ਸਹਾਈ ਕਥਾ ਕੀਰਤਨੁ ਸੁਖਦਾਈ ॥***
*(ਅੰਗ ੬੧੯)*

ਉੱਥੇ ਕਥਾ ਹੋ ਰਹੀ ਸੀ

***ਪਾਪੀ ਬਹੁ ਪਰਕਾਰ ਕੇ ਉਤਮ ਮੱਧਮ ਜਾਣ।***
***ਹਤਿਆ ਛੇ ਪ੍ਰਕਾਰ ਕੀ ਮਨ ਮਹਿ ਲੇਹੁ ਪਛਾਣ।***
***ਗਊ ਬ੍ਰਾਹਮਣ ਮਾਰੀਏ ਗੋਤਰੀ ਹਥ ਕਰਾਏ।***
***ਰਿਣ ਹਤਿਆ ਕੰਨਿਆ ਹਤਿਆ***
***ਵਿਸ਼ਵਾਸਘਾਤ ਅਧਿਕਾਏ।***

ਪਾਪ ਦੀ ਗਿਣਤੀ ਨਹੀਂ, ਬਹੁਤ ਪ੍ਰਕਾਰ ਦੇ ਹਨ ਤੇ ਹੱਤਿਆ ਜਿਹੜੀ ਹੈ ਛੇ ਤਰ੍ਹਾਂ ਦੀ ਹੱਤਿਆ ਸ਼ਾਸ਼ਤਰਾਂ ਵਿੱਚ ਲਿਖੀ ਹੈ। ਪਹਿਲੀ- ਗਊ ਨੂੰ ਮਾਰਨਾ ਵੀ ਹੱਤਿਆ ਗਿਣੀ ਹੈ। ਦੂਜੀ- ਜਿਹੜਾ ਸਹੀ ਸੱਚਾ ਬ੍ਰਾਹਮਣ ਹੈ, ਉਸ ਨੂੰ ਮਾਰਨਾ ਵੀ ਹੱਤਿਆ ਗਿਣੀ ਗਈ ਹੈ। ਤੀਜੀ- ਗੋਤਰੀ ਕਹਿੰਦੇ ਹਨ, ਆਪਣੀ ਕੁੱਲ ਵਿੱਚੋਂ ਕਿਸੇ ਦਾ ਧੋਖੇ ਨਾਲ ਕਤਲ ਕਰਨਾ, ਇਹ ਵੀ ਹੱਤਿਆ ਹੈ। ਚੌਥੀ- ਰਿਣ ਹੱਤਿਆ, ਕਿਸੇ ਦਾ ਕਰਜ਼ਾ ਚੁੱਕ ਕੇ ਅੰਦਰ ਆ ਜਾਣਾ ਕਿ ਵਾਪਸ ਨਾ ਕਰੀਏ, ਉਸ ਦਾ ਕਿਸੇ ਤਰੀਕੇ ਬੁਰਾ ਹੋ ਜਾਵੇ। ਇਹ ਰਿਣ ਹੱਤਿਆ ਹੈ। ਪੰਜਵੀਂ- ਕੰਨਿਆ ਹੱਤਿਆ, ਲੜਕੀ ਨੂੰ ਮਾਰਨਾ, ਇਹ ਵੀ ਹੱਤਿਆ ਹੈ। ਇਹ ਪੰਜ ਬੋਲੀਆਂ ਹਨ। ਗਊ ਹੱਤਿਆ, ਬ੍ਰਾਹਮਣ ਹੱਤਿਆ, ਕੁੱਲ ਹੱਤਿਆ, ਕੰਨਿਆ ਹੱਤਿਆ ਤੇ ਕਰਜ਼ਾ ਹੱਤਿਆ। ਛੇਵੀਂ ਹੱਤਿਆ ਕਿਸੇ ਨਾ ਵਿਸ਼ਵਾਸਘਾਤ ਕਰਨਾ। ਅਗਾਂਹ ਲਾਈਨਾਂ ਲਿਖੀਆਂ ਹਨ ਕਿ 96 ਕਰੋੜ ਪਾਪ ਇੱਕ ਤੱਕੜੀ ਵਿੱਚ ਪਾ ਦਿਓ ਅਤੇ ਇੱਕ ਹੱਤਿਆ ਇੱਕ ਪਾਸੇ ਪਾ ਦਿਓ। ਇੱਕ ਹੱਤਿਆ 96 ਕਰੋੜ ਪਾਪ ਦੇ ਬਰਾਬਰ ਹੈ।

***ਕੋਟ ਛਿਆਨਵੇਂ ਪਾਪ ਸਮ ਹਤਿਆ ਏਕ ਕਹਾਏ।***
***ਖਟ ਹਤਿਆ ਕੇ ਤੁਲ ਜੇ ਗੁਰੂ ਤੋਂ ਸਿਖ ਫਿਰ ਜਾਏ।***

ਖਟ ਕਹਿੰਦੇ ਹਨ ਛੇ ਨੂੰ। ਛੇ ਹੱਤਿਆ ਦੇ ਬਰਾਬਰ। ਖਟ ਹੱਤਿਆ ਦੇ ਤੁਲ, ਇੱਕ ਬਰਾਬਰ ਹੈ, ਜੇ ਗੁਰੂ ਤੋਂ ਸਿੱਖ ਫਿਰ ਜਾਏ। ਇੱਕ ਹੱਤਿਆ ਹੈ 96 ਕਰੋੜ ਤੇ ਜੇ ਉਸ ਨੂੰ ਛੇ ਨਾਲ ਗੁਣਾ ਦੇ ਦੇਈਏ ਤੇ ਬਣ ਜਾਂਦਾ ਹੈ, 576 ਕਰੋੜ ਪਾਪ। ਛੇ ਹੱਤਿਆ ਦੇ ਤੁੱਲ ਇਸ ਨੂੰ ਗਿਣਿਆ ਗਿਆ ਹੈ, ਜਦੋਂ ਸਿੱਖ ਗੁਰੂ ਤੋਂ ਫਿਰ ਜਾਵੇ। ਗੁਰੂ ਤੋਂ ਬੇਮੁੱਖ ਹੋ ਜਾਵੇ।

ਜਦੋਂ ਇਹ ਸੁਣਿਆ ਤੇ ਗੱਲ ਅੰਦਰ ਵੱਜੀ। ਅੱਜ ਪਤਾ ਲੱਗ ਰਿਹਾ ਹੈ ਕਿ ਇੱਕ ਗੁਰੂ ਵੱਲ ਨਹੀ, ਸਾਰੀਆਂ ਸ਼ਕਤੀਆਂ ਜਿਵੇਂ ਰੁੱਸ ਗਈਆਂ ਹਨ। ਹੁਣ ਇਹ ਸਾਰੇ ਸੋਚਦੇ ਹਨ ਕੀ ਕਰੀਏ? ਹਰ ਕੋਈ ਆਪਣਾ ਹਾਲ ਦੱਸ ਰਿਹਾ ਹੈ ਤੇ ਜੋ ਭਾਈ ਮਹਾਂ ਸਿੰਘ ਜੀ ਨਾਲ ਬੀਤੀ, ਇਹ ਸਾਰਿਆਂ ਨਾਲ ਬੀਤੀ। ਹੁਣ ਇੱਥੇ ਜ਼ਿਕਰ ਆਉਂਦਾ ਹੈ ਮਾਈ ਭਾਗੋ ਜੀ ਦਾ। ਜਿਨ੍ਹਾਂ ਨੇ ਇਨ੍ਹਾਂ ਚਾਲੀ ਸਿੰਘਾਂ ਦੀ ਬੈਟਰੀ ਚਾਰਜ ਕੀਤੀ। ਇਹ ਝਬਾਲ ਦੇ ਰਹਿਣ ਵਾਲੇ ਸਨ। ਛੇਵੇਂ ਪਾਤਸ਼ਾਹ ਜੀ ਦੀ ਸਪੁੱਤਰੀ ਬੀਬੀ ਵੀਰੋ ਜੀ ਦੇ ਸੰਗੀ ਸਨ। ਇੱਕ ਰੰਗੇ ਹੋਏ ਦਾ ਸੰਗ ਹੋ ਗਿਆ। ਇੱਕ ਰੰਗੀ ਹੋਈ ਬੀਬੀ ਨੇ ਸਾਰਿਆਂ ਦੀ ਬੈਟਰੀ ਚਾਰਜ ਕਰ ਦਿੱਤੀ। ਜਦੋਂ ਸਾਰੀ ਵਾਰਤਾ ਇਨ੍ਹਾਂ ਸਿੰਘਾਂ ਤੋਂ ਸੁਣੀ ਤੇ ਅੱਗੋਂ ਮਾਤਾ ਭਾਗੋ ਜੀ ਕਹਿਣ ਲੱਗੇ, ਗੁਰੂ ਬਖਸ਼ਣ ਹਾਰ ਹੈ ਪਰ ਇਸ ਦਾ ਹੱਲ ਹੁਣ ਇਕੋ ਹੀ ਹੈ, ਜੇ ਨੀਲੀ ਸਿਆਹੀ ਨਾਲ ਬੇਦਾਵਾ ਲਿਖਿਆ ਹੈ ਤੇ ਲਾਲ ਸਿਆਹੀ ਨਾਲ ਮਿਟਾਉਣਾ ਪਵੇਗਾ। ਸ਼ਹੀਦੀਆਂ ਦੇਣਗੀਆਂ ਪੈਣਗੀਆਂ। ਫਿਰ ਵੀ ਸੌਦਾ ਮਹਿੰਗਾ ਨਹੀਂ। ਸਿੱਖੀ ਬਹੁਤ ਕੀਮਤੀ ਹੈ। ਸਾਰਿਆਂ ਨੇ ਸਤਿ ਬਚਨ ਕਿਹਾ ਤੇ ਭਾਲ ਕਰਨੀ ਸ਼ੁਰੂ ਕਰ ਦਿੱਤੀ ਕਿ ਹੁਣ ਗੁਰੂ ਕਲਗੀਧਰ ਪਿਤਾ ਜੀ

ਕਿੱਥੇ ਹਨ? ਜਦੋਂ ਪਤਾ ਲੱਗਾ ਚਾਰੇ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ ਤੇ ਬਾਕੀ ਸਿੰਘ ਸ਼ਹੀਦ ਹੋ ਚੁੱਕੇ ਹਨ ਤੇ ਆਪ ਗੁਰੂ ਸਾਹਿਬ ਨੇ ਮਾਲਵੇ ਵੱਲ ਚਾਲੇ ਪਾਏ ਹਨ।

ਹੁਣ ਇਹ ਸਾਰਾ ਜੱਥਾ ਮਾਈ ਭਾਗੋ ਜੀ ਦੀ ਅਗਵਾਈ ਵਿੱਚ ਖਿਦਰਾਣੇ ਦੀ ਢਾਬ ਪਹੁੰਚਿਆ। ਇਹ ਜਗ੍ਹਾ ਕੁਝ ਉੱਚੀ ਸੀ। ਮੁਗਲ ਫੌਜ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਪਿੱਛਾ ਕਰ ਰਹੀ ਸੀ ਤੇ ਇਨ੍ਹਾਂ 40 ਸਿੰਘਾਂ ਨੇ ਇਹ ਮਤਾ ਪਕਾਇਆ ਕਿ ਇੱਥੇ ਮੁਗਲ ਫੌਜ ਨੂੰ ਰੋਕਿਆ ਜਾਵੇ। ਰਾਹ ਵਿੱਚ ਆਪਣਾ ਡੇਰਾ ਲਗਾ ਲਿਆ। ਮੁਗਲ ਫੌਜ ਹੁਣ ਸੋਚਦੀ ਹੈ ਕਿ ਇਹ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਹਨ। ਜੰਗ ਸ਼ੁਰੂ ਹੋ ਗਈ। ਇਨ੍ਹਾਂ 40 ਸਿੰਘਾਂ ਨੇ ਆਪਣੀ ਭੁੱਲ ਬਖਸ਼ਾਉਂਦਿਆਂ ਹੋਇਆ ਖਿਦਰਾਣੇ ਦੀ ਜੰਗ ਵਿੱਚ ਭਾਗ ਲਿਆ ਤੇ ਸ਼ਹੀਦੀਆਂ ਪ੍ਰਾਪਤ ਕੀਤੀਆਂ। ਗੁਰੂ ਕਲਗੀਧਰ ਪਾਤਸ਼ਾਹ ਜੀ ਫਿਰ ਜਦੋਂ ਖਿਦਰਾਣੇ ਦੀ ਢਾਬ ਤੇ ਆਏ, ਅਨੇਕਾਂ ਮੁਗਲਾਂ ਦੇ ਸਰੀਰ ਮਰੇ ਪਏ ਹਨ ਤੇ ਅਨੇਕਾਂ ਸਿੰਘ, ਸਾਧ ਸੰਗਤ ਜੀ, ਸ਼ਹੀਦ ਹੋਏ ਪਏ ਹਨ ਤੇ ਪਾਤਸ਼ਾਹ ਜੀ! ਭਾਈ ਦਇਆ ਸਿੰਘ ਜੀ ਨੂੰ ਕਹਿੰਦੇ ਹਨ, ਪਛਾਣ-ਪਛਾਣ ਕੇ ਸਿੰਘਾਂ ਨੂੰ ਬਾਹਰ ਕੱਢੋ। ਹੁਣ ਉਸ ਵੇਲੇ ਕਿੱਥੋਂ ਪਛਾਣ ਕਰਦੇ ਹਨ। ਜੇ ਕਿਸੇ ਦਾ ਸਰੀਰ ਪਿਆ ਹੈ ਤੇ ਉਸਦੇ ਗਾਤਰੇ ਤੋਂ। ਜੇ ਕਿਸੇ ਦੀ ਬਾਂਹ ਪਈ ਹੈ ਤੇ ਕੜੇ ਤੋਂ। ਜੇ ਕਿਸੇ ਦੀ ਲੱਤ ਪਈ ਹੈ ਤੇ ਕਛਹਿਰੇ ਤੋਂ। ਕਹਿੰਦੇ 39 ਸਰੀਰ ਬਾਹਰ ਕੱਢੇ ਤੇ ਸਾਧ ਸੰਗਤ ਜੀ, ਜਿਉਂਦਾ ਇੱਕ ਵੀ ਨਹੀਂ। ਮਹਾਰਾਜ ਜੀ ਕਹਿੰਦੇ, ਭਾਈ ਦਇਆ ਸਿੰਘ ਜੀ ਹੋਰ ਵੇਖੋ। ਕਹਿੰਦੇ, ਪਤਾ ਨਹੀਂ ਕਿੰਨੀਆਂ ਲੋਥਾਂ ਪਰ੍ਹੇ ਕਰਕੇ ਇੱਕ ਸਰੀਰ ਕੱਢਿਆ ਤੇ ਭਾਈ ਦਇਆ ਸਿੰਘ ਜੀ ਕਹਿੰਦੇ ਕਿ ਥੋੜ੍ਹਾ-ਥੋੜ੍ਹਾ ਸਾਹ ਚਲਦਾ ਪਿਆ ਹੈ। ਜਦੋਂ ਉਸ ਨੂੰ ਵੇਖਿਆ, ਕਹਿਣ ਲੱਗੇ ਇਹ ਤਾਂ ਭਾਈ ਮਹਾਂ ਸਿੰਘ ਹੈ। ਆਪਣੀ ਗੋਦੀ ਵਿੱਚ ਮਹਾਰਾਜ ਜੀ ਨੇ ਭਾਈ ਮਹਾਂ ਸਿੰਘ ਜੀ ਦਾ ਸਿਰ ਲਿਆ ਤੇ ਲਿਬੜਿਆ ਹੋਇਆ ਲਹੂ ਨਾਲ ਚਿਹਰਾ ਆਪਣੇ ਮੁੱਖ ਨਾਲ ਚੁੰਮਿਆ। ਸਾਰਿਆਂ ਨੂੰ ਵਰ ਦਿੱਤੇ। ਇਹ ਮੇਰਾ ਪੰਜ ਹਜ਼ਾਰੀ। ਇਹ ਮੇਰਾ ਦਸ ਹਜ਼ਾਰੀ। ਜਲ ਮੰਗਾਇਆ ਤੇ ਚਿਹਰਾ ਲਹੂ ਨਾਲ ਭਿੱਜਿਆ ਹੋਇਆ ਪੂੰਝਿਆ। ਜਦੋਂ ਅੱਖਾਂ ਖੋਲ੍ਹੀਆਂ, ਭਾਈ ਮਹਾਂ ਸਿੰਘ ਜੀ ਨੇ ਤੇ ਹੈਰਾਨ ਹੋ ਗਏ, ਮੇਰਾ ਸਿਰ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੀ ਗੋਦ ਵਿੱਚ। ਇਹ ਸੁਪਨਾ ਹੈ ਜਾਂ ਹਕੀਕਤ ਹੈ। ਮਹਾਰਾਜ ਜੀ ਹੱਸ ਪਏ। ਕਹਿੰਦੇ ਮਹਾਂ ਸਿੰਘ, ਸੁਪਨਾ ਨਹੀਂ, ਹਕੀਕਤ ਹੈ। ਸਤਿਗੁਰੂ ਜੀ ਕਹਿਣ ਲੱਗੇ, ਭਾਈ ਮਹਾਂ ਸਿੰਘ, ਮੰਗ ਕੀ ਮੰਗਦਾ ਹੈ। ਕੀ ਮੰਗਿਆ? ਕਿਸੇ ਕਵੀ ਨੇ ਲਿਖਿਆ ਹੈ, ਉਸ ਸਮੇਂ ਨੂੰ ਕੁਝ ਇਸ ਤਰ੍ਹਾਂ :

***ਇਤਨਾ ਤੋ ਕਰ ਗੁਰੂ ਜੀ, ਜਬ ਜਾਨ ਤਨ ਸੇ ਨਿਕਲੇ।***
***ਸਿਰ ਤੇਰੀ ਗੋਦ ਮੇਂ ਹੋ, ਜਬ ਪ੍ਰਾਣ ਤਨ ਸੇ ਨਿਕਲੇ।***

ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਇਹ ਮੰਗ ਤਾਂ ਤੇਰੀ ਪੂਰੀ ਹੋ ਗਈ। ਤੇਰਾ ਸਿਰ ਮੇਰੀ ਗੋਦੀ ਵਿੱਚ ਹੈ। ਭਾਈ ਮਹਾਂ ਸਿੰਘ, ਕੁਝ ਹੋਰ ਮੰਗ। ਕਹਿਣ ਲੱਗਾ :

***ਬਖਸ਼ਣਹਾਰ ਬਖਸ਼ ਲੈ।***

ਗਰੀਬ ਨਿਵਾਜ ਸਤਿਗੁਰੂ ਜੀ! 39 ਸਿੰਘਾਂ ਦੀਆਂ ਰੂਹਾਂ ਦਰਗਾਹ ਵਿੱਚ ਗਈਆਂ ਹਨ, ਮੇਰੀ ਵੀ ਜਾਂਦੀ ਹੈ ਪਰ ਸਤਿਗੁਰੂ ਜੀ ਸੱਚਖੰਡ ਦੇ ਬੂਹੇ ਅੱਗੇ ਇਹ ਬੇਦਾਵਾ ਲਿਖਿਆ ਹੈ, ਤੁਸੀਂ ਸਾਡੇ ਗੁਰੂ ਨਹੀਂ ਤੇ ਅਸੀਂ ਤੁਹਾਡੇ ਸਿੱਖ ਨਹੀਂ। ਜੇ ਕਿਰਪਾ ਕੀਤੀ ਹੈ, ਇਹ ਬਿੱਧ ਬਣਾਈ ਹੈ, ਕਿਰਪਾ ਕਰੋ, ਮੈਂ ਹੋਰ ਕੁਝ ਨਹੀਂ ਮੰਗਦਾ, ਇਹ ਬੇਦਾਵਾ ਪਾੜ ਦਿਓ।

***ਟੂਟੀ ਗਾਢਨਹਾਰ ਗੁੋਪਾਲ ॥***
***ਸਰਬ ਜੀਆ ਆਪੇ ਪ੍ਰਤਿਪਾਲ ॥***

*(ਅੰਗ ੨੮੨)*

ਇਹ ਗੱਲ ਬੜੀ ਪਕੜਨ ਵਾਲੀ ਹੈ। ਸ੍ਰੀ ਅਨੰਦਪੁਰ ਸਾਹਿਬ ਤੋਂ ਬਾਅਦ ਚਮਕੌਰ ਦੀ ਗੜ੍ਹੀ, ਫਿਰ ਉਧਰ ਖਿਦਰਾਣੇ ਦੀ ਢਾਬ, ਕੁੱਲ ਅੰਦਾਜ਼ਾ ਲਗਾ ਲਓ ਕਿ ਇੰਨੇ ਸਮੇਂ ਦੇ ਵਿੱਚ ਸਾਹਿਬਜ਼ਾਦੇ ਵੀ ਸ਼ਹੀਦ ਹੋ ਗਏ, ਇੰਨੇ ਸਮੇਂ ਦੇ ਵਿੱਚ ਪਰਿਵਾਰ ਵੀ ਵਿਛੜ ਗਿਆ, ਇੰਨੇ ਸਮੇਂ ਦੇ ਵਿੱਚ ਮਾਛੀਵਾੜੇ ਦੇ ਜੰਗਲ ਨੰਗੇ ਪੈਰੀਂ, ਉਸ ਸਮੇਂ ਤੋਂ ਬਾਅਦ ਕਿੰਨਾ ਉਤਰਾਅ ਚੜ੍ਹਾਅ ਆਇਆ ਪਰ ਸਤਿਗੁਰੂ ਜੀ ਨੇ ਉਹ ਕਾਗਜ਼ ਦਾ ਟੁਕੜਾ ਨਹੀਂ ਗੁਆਚਣ ਦਿੱਤਾ, ਮੈਨੂੰ ਉਡੀਕ ਹੈ ਕਿ ਮੇਰੇ ਸਿੱਖ ਵਾਪਸ ਆਉਣਗੇ। ਇੰਨਾ ਕੁਝ ਹੋ ਗਿਆ ਹੈ, ਉਸ ਨੂੰ ਸੰਭਾਲ ਕੇ ਰੱਖਿਆ, ਆਪਣੇ ਕਮਰਕੱਸੇ ਵਿੱਚੋਂ ਸਤਿਗੁਰੂ ਜੀ ਨੇ ਕਾਗਜ਼ ਦਾ ਟੁਕੜਾ ਕੱਢਿਆ ਜਿਸ ਤੇ ਲਿਖਿਆ ਸੀ, ਤੁਸੀਂ ਸਾਡੇ ਗੁਰੂ ਨਹੀਂ, ਅਸੀਂ ਤੁਹਾਡੇ ਸਿੱਖ ਨਹੀਂ। ਇਸੇ ਲਈ **ਬਾਬਾ ਨੰਦ ਸਿੰਘ ਜੀ ਬਚਨ ਕਰਦੇ ਸੀ, ਸਿੱਖ ਦੇ ਢਹਿਣ ਵਿੱਚ ਦੇਰੀ ਹੈ, ਗੁਰੂ ਸਾਹਿਬ ਦੇ ਬਖਸ਼ਣ ਵਿੱਚ ਦੇਰੀ ਨਹੀਂ।**

***ਸਤਿਗੁਰੂ ਮਾਫ ਕਰ ਦਿਓ ਮੈਨੂੰ, ਜੋ ਕਸੂਰ ਹੋ ਗਿਆ।***
***ਜਿਹੜਾ ਲਿਖ ਕੇ ਬੇਦਾਵਾ, ਤੈਥੋਂ ਦੂਰ ਹੋ ਗਿਆ।***

ਸਤਿਗੁਰੂ ਜੀ ਨੇ ਕਮਰਕੱਸੇ ਨਾਲ ਉਹ ਬੇਦਾਵਾ ਸੰਭਾਲਿਆ ਹੋਇਆ ਹੈ। ਕਿਉਂ? ਗੁਰੂ ਸਾਹਿਬ ਨੂੰ ਉਡੀਕ ਹੈ ਕਿ ਮੇਰੇ ਸਿੱਖ ਵਾਪਸ ਆਉਣਗੇ। ਫਿਰ ਕਵੀ ਨੇ ਲਿਖਿਆ ਹੈ:

***ਮਹਾਂ ਸਿੰਘ ਜੀ ਪਿਆਰੇ ਤੁਸੀਂ ਬਖਸ਼ੇ ਗਏ ਸਾਰੇ।***
***ਜਿਹੜਾ ਸੀਸ ਧਰਮ ਤੋਂ ਵਾਰੇ, ਉਹ ਮਨਜ਼ੂਰ ਹੋ ਗਿਆ।***

ਸਤਿਗੁਰੂ ਜੀ ਨੇ ਬੇਦਾਵਾ ਪਾੜਿਆ। ਮਹਾਂ ਸਿੰਘ, ਕੁਝ ਹੋਰ ਮੰਗ। ਮੇਰਾ ਚਿੱਤ ਕਰਦਾ ਹੈ। ਮੇਰਾ ਬਚਨ ਨਾ ਮੋੜ। ਫਿਰ ਕਿਸੇ ਨੇ ਲਿਖਿਆ ਹੈ, ਇਹ ਮੰਗਿਆ:

***ਇਤਨਾ ਤੋ ਕਰ ਗੁਰੂ ਜੀ, ਜਬ ਜਾਨ ਤਨ ਸੇ ਨਿਕਲੇ।***
***ਤੇਰਾ ਹੀ ਨਾਮ ਲੇਕਰ, ਯੇ ਪ੍ਰਾਣ ਤਨ ਸੇ ਨਿਕਲੇ।***
***ਸਾਰੀ ਸੰਗਤ ਸਜੀ ਹੋ, ਸ਼ਬਦ ਕੀ ਧੁਨੀ ਲਗੀ ਹੋ।***
***ਸਿਰ ਤੇਰੀ ਗੋਦ ਮੇਂ ਹੋ, ਜਬ ਜਾਨ ਤਨ ਸੇ ਨਿਕਲੇ।***

ਗੁਰੂ ਕਲਗੀਧਰ ਪਿਤਾ ਜੀ ਕਹਿੰਦੇ ਹਨ, ਭਾਈ ਦਇਆ ਸਿੰਘ ਜੀ, ਇਸ ਦੀ ਇਹ ਮੰਗ ਵੀ ਪੂਰੀ ਕਰੋ। ਸ਼ਬਦ ਦੀ ਧੁਨੀ ਲਗਾਓ ਤੇ ਇਹ ਪੜ੍ਹੋ:

***ਮਾਘਿ ਮਜਨੁ ਸੰਗਿ ਸਾਧੂਆ ਧੂੜੀ ਕਰਿ ਇਸਨਾਨੁ ॥***

*(ਅੰਗ ੧੩੫)*

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਕਹਿੰਦੇ, ਮਹਾਂ ਸਿੰਘ, ਕੁਝ ਹੋਰ ਮੰਗ ਲਓ। ਗਰੀਬ ਨਿਵਾਜ! ਇਸ ਤੋਂ ਵੱਡੀ ਦਾਤ ਕਿਹੜੀ ਹੈ? ਤੁਸੀਂ ਬਖਸ਼ ਦਿੱਤਾ, ਇਸ ਤੋਂ ਵੱਡੀ ਦਾਤ ਕਿਹੜੀ ਹੈ ਬੇਦਾਵਾ ਪਾੜ ਦਿੱਤਾ? ਇਸ ਤੋਂ ਵੱਡੀ ਦਾਤ ਕਿਹੜੀ ਹੈ ਸੰਗਤ ਸਜੀ ਪਈ ਹੈ, ਕੀਰਤਨ ਦੀ ਧੁਨੀ ਲਗੀ ਪਈ ਹੈ, ਸਿਰ ਤੇਰੀ ਗੋਦੀ ਵਿੱਚ ਹੈ ਤੇ ਮੈਂ ਦਰਗਾਹ ਨੂੰ ਜਾ ਰਿਹਾ ਹਾਂ।

***ਕਬੀਰ ਮੁਹਿ ਮਰਨੇ ਕਾ ਚਾਉ ਹੈ ਮਰਉ ਤ ਹਰਿ ਕੈ ਦੁਆਰ ॥***

*(ਅੰਗ ੧੩੬੭)*

ਹਰਿ ਕੈ ਦੁਆਰ ਦੀ ਦਾਤ ਝੋਲੀ ਵਿੱਚ ਪਈ ਹੈ। ਭਾਈ ਮਹਾਂ ਸਿੰਘ ਜੀ ਕਹਿੰਦੇ ਹੋਰ ਕੀ ਚਾਹੀਦਾ ਹੈ? ਸਤਿਗੁਰੂ ਜੀ ਕਹਿੰਦੇ, ਤੂੰ ਨਹੀਂ ਮੰਗਦਾ, ਹੁਣ ਅਸੀਂ ਆਪ ਦਿੰਦੇ ਹਾਂ। ਸਤਿਗੁਰੂ ਜੀ ਕਹਿੰਦੇ ਇਸ ਨੇ ਕੁਝ ਮੰਗਿਆ ਨਹੀਂ ਤੇ ਜੇ ਮੰਗਿਆ ਤਾਂ ਆਪਣੇ ਅਤੇ ਆਪਣੇ ਨਾਲ ਦੇ 39 ਸਿੰਘਾਂ ਸਾਥੀਆਂ ਲਈ ਬਖਸ਼ਿਸ਼ ਮੰਗੀ, ਜਿਸ ਦੇ ਸਦਕੇ ਇਹ ਸਾਰੇ ਸੱਚਖੰਡ ਨੂੰ ਗਏ ਹਨ। ਇਸ ਨੇ ਭਾਵੇਂ ਕੋਈ ਮੰਗ ਨਹੀਂ ਮੰਗੀ ਤੇ ਧੰਨ ਗੁਰੂ ਨਾਨਕ ਦੇਵ ਜੀ ਦੀ ਬਖਸ਼ਿਸ਼ ਨਾਲ ਅਸੀਂ ਆਪ ਦਿੰਦੇ ਹਾਂ। ਮਹਾਰਾਜ ਜੀ ਦੇ ਮੁੱਖ ਵਿੱਚੋਂ ਬਚਨ ਨਿਕਲੇ। ਪਹਿਲਾ ਬਚਨ- ਕਹਿਣ ਲੱਗੇ,

ਇਸ ਨੇ ਨਹੀਂ ਮੰਗਿਆ, ਅਸੀਂ ਆਪ ਦਿੰਦੇ ਹਾਂ। ਇਨ੍ਹਾਂ ਨੂੰ ਚਾਲੀ ਮੁਕਤਿਆ ਦਾ ਖਿਤਾਬ ਮਿਲੇਗਾ। ਇਹ ਖਿਤਾਬ ਦਿੱਤਾ ਤਾਂ ਹੀ ਅਸੀਂ ਕਹਿੰਦੇ ਹਾਂ ਚਾਲੀ ਮੁਕਤੇ। ਮਹਾਰਾਜ ਜੀ ਕਹਿੰਦੇ, ਪਹਿਲਾ ਇਨ੍ਹਾਂ ਨੂੰ ਮੁਕਤਿਆਂ ਦਾ ਖਿਤਾਬ ਦਿੱਤਾ ਤੇ ਦੂਜਾ- ਸੰਸਾਰ ਵਿੱਚ ਜਿੱਥੇ ਵੀ ਅਰਦਾਸ ਹੋਇਆ ਕਰੇਗੀ, ਤੁਹਾਡਾ ਨਾਂਅ ਵਿੱਚ ਆਇਆ ਕਰੇਗਾ। ***ਪੰਜ ਪਿਆਰੇ, ਚਾਰ ਸਾਹਿਬਜ਼ਾਦੇ, ਚਾਲੀ ਮੁਕਤਿਆਂ ਦੀ ਕਮਾਈ ਦਾ ਧਿਆਨ ਧਰ ਕੇ ਸਾਧ ਸੰਗਤ ਬੋਲੋ ਜੀ ਵਾਹਿਗੁਰੂ।*** ਅਰਦਾਸ ਵਿੱਚ ਇਨ੍ਹਾਂ ਦਾ ਨਾਂ ਲਿਆ ਜਾਵੇਗਾ। ਤੀਜਾ ਬਚਨ ਕੀਤਾ, ਜਿੱਥੇ ਕੌਤਕ ਹੋਇਆ, ਇੱਥੇ ਅਸਥਾਨ ਬਣਨਗੇ ਤੇ ਇਸ ਦਿਨ (ਮਾਘੀ ਵਾਲੇ) ਜਿਹੜਾ ਵੀ ਕੋਈ ਸੱਚੇ ਹਿਰਦੇ ਨਾਲ ਮਨ ਨੀਵਾਂ ਕਰਕੇ ਇੱਥੇ ਦਰਸ਼ਨ ਕਰਨ ਆਇਆ ਕਰੇਗਾ ਉਸ ਦੀਆਂ ਵੀ ਟੁੱਟੀਆਂ ਗੰਢੀਆਂ ਜਾਣਗੀਆਂ। ਇਸ ਦਿਨ ਸ੍ਰੀ ਮੁਕਤਸਰ ਸਾਹਿਬ ਤੋਂ ਕੋਈ ਪੰਛੀ ਵੀ ਲੰਘ ਜਾਵੇਗਾ ਤਾਂ ਉਸ ਦੇ ਵੀ ਵਰਕੇ ਪਾੜ ਜਾਣਗੇ। ਉਹ ਵੀ ਮੁਕਤ ਹੋ ਜਾਵੇਗਾ।

ਆਓ! ਹੁਣ ਅਖੀਰ ਤੇ ਦਾਸ ਦੀ ਵੀ ਤੇ ਆਪਣੀ ਵੀ ਪਿਤਾ ਜੀ ਨੂੰ ਬੇਨਤੀ ਕਰੀਏ ਕਿ ਸਾਡੀ ਵੀ ਅੰਮ੍ਰਿਤ ਵੇਲੇ ਨਾਲੋਂ ਟੁੱਟੀ ਗੰਢੀ ਜਾਵੇ, ਸਾਡੀ ਵੀ ਅੰਮ੍ਰਿਤ ਨਾਲੋਂ ਟੁੱਟੀ ਗੰਢੀ ਜਾਵੇ, ਅੰਮ੍ਰਿਤ ਬਾਣੀ ਨਾਲੋਂ ਟੁੱਟੀ ਗੰਢੀ ਜਾਵੇ, ਨਿਮਰਤਾ ਨਿਰਵੈਰਤਾ ਨਾਲੋਂ ਟੁੱਟੀ ਗੰਢੀ ਜਾਵੇ। ਸਤਿਗੁਰੂ ਜੀ! ਸਾਰੀ ਸੰਗਤ ਤੇ ਤਰਸ ਕਰੋ।

***ਟੂਟੀ ਗਾਢਨਹਾਰ ਗੁੋਪਾਲ ॥***
***ਸਰਬ ਜੀਆ ਆਪੇ ਪ੍ਰਤਿਪਾਲ ॥***

***(ਅੰਗ ੨੮੨)***

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

1) Google Pay No. ਅਤੇ Paytm No. 9876525850
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026
ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850**

**ਸਿਫਤਿ ਸਾਲਾਹ**
ਆਪ ਪੜ੍ਹੋ ਤੇ
ਹੋਰਨਾਂ ਨੂੰ ਵੀ ਪੜ੍ਹਾਓ।

ਚੰਦਾ ਭੇਜਣ ਲਈ ਸਕੈਨ ਕਰੋ ਜੀ




**ਚੰਦਾ ਦੇਸ਼**

| | | | |
|---|---|---|---|
| ਸਲਾਨਾ ਚੰਦਾ | 150 ਰੁ. | 2 ਸਾਲ ਲਈ | 300 ਰੁ. |
| 5 ਸਾਲ ਲਈ | 600 ਰੁ. | ਲਾਈਫ ਮੈਂਬਰਸ਼ਿਪ | 2400 ਰੁ. |

**ਨੋਟ: ਸਿਫਤਿ ਸਾਲਾਹ ਦੇ ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਿਫਤਿ ਸਾਲਾਹ ਰਸਾਲੇ ਦੇ ਪੰਜ-ਪੰਜ ਮੈਂਬਰ ਬਣਾਓ ਤਾਂ ਜੋ ਗੁਰਸਿੱਖੀ ਦੇ ਪ੍ਰਚਾਰ ਵਿੱਚ ਵਾਧਾ ਹੋ ਸਕੇ।**

**ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ**

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਤਰਵਿੰਜਵਾਂ ਤੇ ਚੁਰਿੰਜਵਾਂ ਸਲੋਕ :***

***ਦੋਹਰਾ ॥***

***ਬਲੁ ਛੁਟਕਿਓ ਬੰਧਨ ਪਰੇ ਕਛੂ ਨ ਹੋਤ ਉਪਾਇ ॥***
***ਕਹੁ ਨਾਨਕ ਅਬ ਓਟ ਹਰਿ ਗਜ ਜਿਉ ਹੋਹੁ ਸਹਾਇ ॥੫੩॥***
***ਬਲੁ ਹੋਆ ਬੰਧਨ ਛੁਟੇ ਸਭੁ ਕਿਛੁ ਹੋਤ ਉਪਾਇ ॥***
***ਨਾਨਕ ਸਭੁ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ ॥੫੪॥***

***(ਅੰਗ ੧੪੨੯)***

ਪ੍ਰਭੂ ਦੇ ਨਾਮ ਤੋਂ ਵਿਛੜ ਕੇ ਜਦੋਂ ਮਾਇਆ ਦੇ ਪ੍ਰਭਾਵ ਹੇਠ ਜੀਵ ਭੁੱਲਾਂ ਕਰ ਬੈਠਦਾ ਹੈ ਤੇ ਸਮਝ ਆਉਣ ਤੇ, ਸੋਝੀ ਆਉਣ ਤੇ ਉਨ੍ਹਾਂ ਗੁਨਾਹਾਂ ਨੂੰ, ਉਨ੍ਹਾਂ ਭੁੱਲਾਂ ਨੂੰ ਬਖਸ਼ਾਉਣ ਲਈ ਰਸਤਾ ਲੱਭਦਾ ਹੈ, ਉਪਾਅ ਕਰਨ ਦੀ ਸੋਚਦਾ ਹੈ ਪਰ ਉਪਾਅ ਉਸਦੀ ਸਮਝ ਵਿੱਚ ਨਹੀਂ ਆਉਂਦੇ। ਵਾਰ ਵਾਰ ਕੀਤੇ ਹੋਏ ਗੁਨਾਹ ਉਸ ਦੀਆਂ ਅੱਖਾਂ ਸਾਹਮਣੇ ਆਉਂਦੇ ਹਨ। ਇਹੋ ਜਿਹੇ ਵੇਲੇ ਪ੍ਰਭੂ ਹੀ ਤੇਰਾ ਆਸਰਾ ਹੈ। ਜਿਵੇਂ ਤੰਦੂਏ ਤੋਂ ਛੁਡਾਉਣ ਲਈ ਹਾਥੀ ਦਾ ਸਹਾਈ ਬਣਿਆ, ਤਿਵੇਂ ਤੇਰਾ ਸਹਾਈ ਹੋਵੇਗਾ।

ਅਗਲੇ ਸਲੋਕ (੫੪) ਵਿੱਚ ਸਤਿਗੁਰੂ ਜੀ ਆਖਦੇ ਹਨ, ਜਦੋਂ ਮਨੁੱਖ ਆਪਣੇ ਔਗੁਣਾਂ ਦੀ ਪਹਿਚਾਣ ਕਰਨ ਉਪਰੰਤ ਉਨ੍ਹਾਂ ਨੂੰ ਬਖਸ਼ਾਉਣ ਵਾਸਤੇ ਗੁਰੂ ਸਾਹਿਬ ਦੀ ਸ਼ਰਨ ਵਿੱਚ ਆਉਂਦਾ ਹੈ ਤਾਂ ਫਿਰ ਗੁਰੂ ਸਾਹਿਬ ਮਿਹਰ ਦੇ ਘਰ ਵਿੱਚ ਆ ਕੇ ਉਨ੍ਹਾਂ ਦੇ ਬੰਧਨ ਕੱਟ ਦਿੰਦੇ ਹਨ, ਆਪਣੇ ਬਿਰਦ ਦੀ ਲਾਜ ਰੱਖਦੇ ਹਨ।

ਕਹਿਣ ਤੋਂ ਭਾਵ ਹੇ ਪ੍ਰਭੂ ! ਸਭ ਕੁਝ ਤੇਰੇ ਹੱਥ ਵਿੱਚ ਹੈ ਤੇਰੀ ਪੈਦਾ ਕੀਤੀ ਮਾਇਆ ਵੀ ਤੇਰੇ ਅਧੀਨ ਹੈ। ਇਸ ਤੋਂ ਬਚਣ ਲਈ ਤੂੰ ਹੀ ਮਦਦਗਾਰ ਹੋ ਸਕਦਾ ਹੈ।

ਪੰਜਵੇਂ ਪਾਤਸ਼ਾਹ ਜੀ ਵੀ ਆਖਦੇ ਹਨ ਜਿਸ ਮਨੁੱਖ ਨੂੰ ਭਾਰੀ ਬਿਪਤਾ ਆ ਪਏ। ਕੋਈ ਮਨੁੱਖ ਉਸਨੂੰ ਸਹਾਰਾ ਨਾ ਦੇਵੇ। ਵੈਰੀ ਉਸ ਤੇ ਭਾਰੂ ਬਣ ਜਾਣ ਉਸਦੇ ਸਾਕ ਸੰਬੰਧੀ ਉਸ ਤੋਂ ਪਰ੍ਹੇ ਦੌੜ ਜਾਣ, ਉਸਦਾ ਹਰੇਕ ਕਿਸਮ ਦਾ ਆਸਰਾ ਖਤਮ ਹੋ ਜਾਏ ਪਰ ਜੇ ਉਸ ਬਿਪਤਾ ਮਾਰੇ ਮਨੁੱਖ ਦੇ ਹਿਰਦੇ ਵਿੱਚ ਪਰਮਾਤਮਾ ਦੀ ਯਾਦ ਆ ਜਾਏ ਤਾਂ ਉਸ ਦਾ ਵਾਲ ਵੀ ਵਿੰਗਾ ਨਹੀਂ ਹੁੰਦਾ।

***ਸਿਰੀਰਾਗੁ ਮਹਲਾ ੫ ॥***
***ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ ॥***
***ਲਾਗੂ ਹੋਏ ਦੁਸਮਨਾ ਸਾਕ ਭਿ ਭਜਿ ਖਲੇ ॥***
***ਸਭੋ ਭਜੈ ਆਸਰਾ ਚੁਕੈ ਸਭੁ ਅਸਰਾਉ ॥***
***ਚਿਤਿ ਆਵੈ ਓਸੁ ਪਾਰਬ੍ਰਹਮੁ ਲਗੈ ਨ ਤਤੀ ਵਾਉ ॥੧॥***

***(ਅੰਗ ੭੦)***

ਇਸ ਲਈ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਪਾਤਸ਼ਾਹ ਜੀ ਸਾਨੂੰ ਜੀਵਾਂ ਨੂੰ ਸਮਝਾਉਣ

ਵਾਸਤੇ ਆਖਦੇ ਹਨ ਕਿ ਜੀਵ ਨੂੰ ਕਈ ਤਰ੍ਹਾਂ ਦੇ ਬੰਧਨ (ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ) ਪੈ ਜਾਂਦੇ ਹਨ ਤੇ ਬੰਦਾ ਸੋਚਦਾ ਹੈ ਹੁਣ ਮੇਰਾ ਬਚਾ ਨਹੀਂ ਹੋ ਸਕਦਾ ਪਰ ਸਤਿਗੁਰੂ ਜੀ ਆਖਦੇ ਹਨ ਜਦੋਂ ਤੇਰਾ ਬਲ ਕੁਝ ਵੀ ਨਾ ਰਹੇ ਤਾਂ ਉਸ ਸਮੇਂ ਅਕਾਲ ਪੁਰਖ ਦੀ ਓਟ ਲੈ ਲਵੀਂ। ਉਸ ਪਰਮਾਤਮਾ ਨੇ ਤਾਂ ਇੱਕ ਜਾਨਵਰ ਹਾਥੀ ਦੀ ਪੁਕਾਰ ਸੁਣਕੇ ਤੰਦੂਏ ਦੀਆਂ ਤੰਦਾਂ ਤੇ ਚੱਕਰ ਚਲਾ ਕੇ ਬਚਾ ਦਿੱਤਾ ਸੀ ਤੇ ਉਹ ਵਾਹਿਗੁਰੂ ਤੈਨੂੰ ਵੀ ਬਚਾਏਗਾ।

❁❁❁

***ਨੌਵੇਂ ਪਾਤਸ਼ਾਹ ਜੀ ਦਾ ਪਚਵਿੰਜਵਾਂ ਸਲੋਕ :***

***ਸੰਗ ਸਖਾ ਸਭਿ ਤਜਿ ਗਏ ਕੋਊ ਨ ਨਿਬਹਿਓ ਸਾਥਿ ॥***
***ਕਹੁ ਨਾਨਕ ਇਹ ਬਿਪਤਿ ਮੈ ਟੇਕ ਏਕ ਰਘੁਨਾਥ ॥੫੫॥***

*(ਅੰਗ ੧੪੨੯)*

ਜਦੋਂ ਸੰਗੀ ਮਿੱਤਰ ਸਭ ਸਾਥ ਛੱਡ ਜਾਂਦੇ ਹਨ, ਅੰਤ ਨੂੰ ਕੋਈ ਵੀ ਨਾਲ ਨਹੀਂ ਨਿਭਿਆ ਤਾਂ ਗੁਰੂ ਜੀ ਸਮਝਾਉਣਾ ਕਰਦੇ ਹਨ ਇਸ ਬਿਪਤਾ ਦੇ ਸਮੇਂ ਵਿੱਚ ਕੇਵਲ ਇੱਕ ਪਰਮਾਤਮਾ ਦਾ ਹੀ ਆਸਰਾ ਹੈ।

ਬੰਦਾ ਆਪਣਾ ਮਿੱਤਰ ਜਾਂ ਸਾਥੀ ਬਣਾਉਂਦਾ ਹੈ ਕਿ ਲੋੜ ਵੇਲੇ ਕੰਮ ਆਵੇਗਾ, ਪਰ ਸਤਿਗੁਰੂ ਜੀ ਆਖਦੇ ਹਨ ਜਿਸ ਦਿਨ ਤੇਰੇ ਤੇ ਸੁੱਖ ਹੋਵੇਗਾ ਉਸ ਦਿਨ ਅਨੇਕਾਂ ਸਾਥ ਚੱਲਣਗੇ ਪਰ ਜਦੋਂ ਕੋਈ ਦੁੱਖ ਜਾਂ ਮੁਸੀਬਤ ਦੀ ਘੜੀ ਆ ਗਈ ਤਾਂ ਪ੍ਰਭੂ ਤੋਂ ਬਿਨਾਂ ਕੋਈ ਮਦਦਗਾਰ ਨਹੀਂ ਬਣੇਗਾ।

***ਸੁਖ ਮੈ ਆਨਿ ਬਹੁਤੁ ਮਿਲਿ ਬੈਠਤ***
***ਰਹਤ ਚਹੂ ਦਿਸਿ ਘੇਰੈ ॥***
***ਬਿਪਤਿ ਪਰੀ ਸਭ ਹੀ ਸੰਗੁ ਛਾਡਿਤ***
***ਕੋਊ ਨ ਆਵਤ ਨੇਰੈ ॥੧॥***

*(ਅੰਗ ੬੩੪)*

ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਆਖਦੇ ਹਨ, ਹੇ ਪਿਆਰੇ ਮਨ! ਸਦਾ ਸੱਚੇ ਪ੍ਰਭੂ ਨੂੰ ਆਪਣੇ ਹਿਰਦੇ ਵਿੱਚ ਸੰਭਾਲ ਕੇ ਰੱਖ। ਇਹ ਜਿਹੜਾ ਪਰਿਵਾਰ ਤੂੰ ਵੇਖਦਾ ਹੈ, ਇਸ ਨੇ ਤੇਰੇ ਨਾਲ ਨਹੀਂ ਨਿਭਣਾ।

***ਏ ਮਨ ਪਿਆਰਿਆ ਤੂ ਸਦਾ ਸਚੁ ਸਮਾਲੇ ॥***
***ਏਹੁ ਕੁਟੰਬੁ ਤੂ ਜਿ ਦੇਖਦਾ ਚਲੈ ਨਾਹੀ ਤੇਰੈ ਨਾਲੇ ॥***

*(ਅੰਗ ੯੧੮)*

ਜਦੋਂ ਪਰਮਾਤਮਾ ਨੂੰ ਆਪਣੀ ਰਜ਼ਾ ਵਿੱਚ ਚੰਗਾ ਲੱਗਦਾ ਹੈ ਤਾਂ ਜੀਵ ਵਾਸਤੇ ਮਾਤ ਲੋਕ ਤੋਂ ਕੂਚ ਦਾ ਸੱਦਾ ਆ ਜਾਂਦਾ ਹੈ। ਰੋਣ ਵਾਲੇ ਸੰਬੰਧੀ ਰੋਂਦੇ ਹਨ ਪੁੱਤਰ, ਭਰਾ, ਭਤੀਜੇ, ਬੜੇ ਪਿਆਰੇ ਸੰਬੰਧੀ ਸਭ ਰੋਂਦੇ ਹਨ। ਉਸ ਦੇ ਗੁਣਾਂ ਨੂੰ ਮੁੜ-ਮੁੜ ਚੇਤੇ ਕਰਦੇ ਹਨ ਪਰ ਕਦੇ ਵੀ ਕੋਈ ਜੀਵ ਮਰੇ ਪ੍ਰਾਣੀ ਦੇ ਨਾਲ ਮਰਦਾ ਨਹੀਂ ਹੈ।

***ਹਾਕਾਰਾ ਆਇਆ ਜਾ ਤਿਸੁ ਭਾਇਆ ਰੁੰਨੇ ਰੋਵਣਹਾਰੇ ॥***
***ਪੁਤ ਭਾਈ ਭਾਤੀਜੇ ਰੋਵਹਿ ਪ੍ਰੀਤਮ ਅਤਿ ਪਿਆਰੇ ॥***

*(ਅੰਗ ੫੮੨)*

ਪਰ ਜਿਹੜਾ ਬੰਦਾ ਪਰਮਾਤਮਾ ਦੇ ਰਸਤੇ ਤੇ ਤੁਰਿਆ ਹੈ ਅੱਗੇ ਹਨ੍ਹੇਰੇ ਰਸਤੇ ਨਾਮ ਉਹਦੇ ਨਾਲ ਚਾਨਣ ਬਣ ਜਾਏਗਾ। ਜਿੱਥੇ ਬੜੀ ਭਿਆਨਕ ਧੁੱਪ ਹੋਈ ਤਾਂ ਨਾਮ ਛਾਂ ਕਰੇਗਾ। ਜੇ ਤੈਨੂੰ ਪਿਆਸ ਲੱਗੀ ਤਾਂ ਨਾਮ ਅੰਮ੍ਰਿਤ ਦੀ ਵਰਖਾ ਕਰੇਗਾ। ਇਸ ਲਈ ਨਾਮ ਦਾ ਬੀਜ ਬੀਜਦੇ ਰਹੋ। ਜਦੋਂ ਰੱਬ ਦੇ ਘਰ ਜਾਓ ਨਾਮ ਤੁਹਾਡੇ ਨਾਲ ਚੱਲੇਗਾ। ਇੱਥੋਂ ਦੇ ਸਾਥੀ ਤਾਂ ਲਾਂਬੂ ਲੱਗਣ ਤੋਂ ਬਾਅਦ ਗੱਡੀਆਂ ਵਿੱਚ ਬੈਠਕੇ ਘਰਾਂ ਨੂੰ ਚਲੇ ਜਾਣਗੇ, ਕੋਈ ਸਾਥ ਨਹੀਂ ਨਿਭੇਗਾ। ਇਸ ਲਈ ਸੰਬੰਧ ਉਸ ਨਾਲ ਜੋੜ ਜੋ ਬਿਪਤਾ ਵੇਲੇ ਵੀ ਤੇਰਾ ਸਾਥ ਦੇਵੇ।

***—ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

❁❁❁

# ਅਧਿਆਤਮਿਕ ਵਿਚਾਰਾਂ

ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ

## ਭਾਈ ਨੰਦ ਲਾਲ ਜੀ ਦੇ 6 ਬਚਨ ਭਾਈ ਵੀਰ ਸਿੰਘ ਜੀ ਦੀ ਲਿਖਤ ਵਿੱਚੋਂ

ਮੈਂ ਅੱਖੀ ਡਿੱਠੀ ਗਵਾਹੀ ਭਰਦਾ ਹਾਂ ਗੁਰੂ ਗੋਬਿੰਦ ਸਿੰਘ ਜੀ ਪੂਰਨ ਬ੍ਰਹਮ ਬੇਤਾ ਹਨ, ਪੂਰਨ ਦਿਬ ਦ੍ਰਿਸ਼ਟ ਦੇ ਮਾਲਕ ਹਨ।

ਗੁਰੂ ਗੋਬਿੰਦ ਸਿੰਘ ਜੀ ਸਭ ਤੋਂ ਉੱਚੇ ਹਨ, ਇਸ ਸੰਸਾਰ ਵਿੱਚ ਉਨ੍ਹਾਂ ਦੀ ਬਰਾਬਰੀ ਤੇ ਕੋਈ ਹੈ ਹੀ ਨਹੀਂ।

ਦੀਨ ਤੇ ਦੁਨੀਆਂ ਦੋਵੇਂ ਗੁਰੂ ਗੋਬਿੰਦ ਸਿੰਘ ਪ੍ਰੀਤਮ ਦੇ ਚਰਨਾਂ ਵਿੱਚ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਇੱਕ ਰੋਮ ਦੀ ਕੀਮਤ ਦੋ ਜਹਾਨ ਵੀ ਨਹੀਂ ਤੋਲ ਸਕਦੇ।

ਗੁਰੂ ਗੋਬਿੰਦ ਸਿੰਘ ਜੀ ਦੇ ਚਿਹਰੇ ਦੇ ਵਿੱਚੋਂ, ਦਰਸ਼ਨਾਂ ਦੇ ਵਿੱਚੋਂ ਸੁਤੇ ਸਿੱਧ ਰੱਬ ਦੇ ਦਰਸ਼ਨ ਹੋ ਜਾਂਦੇ ਹਨ।

ਜਿਹੜਾ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰੇਮੀ ਬਣ ਜਾਵੇ ਗੁਰੂ ਗੋਬਿੰਦ ਸਿੰਘ ਜੀ ਉਹਦੇ ਪ੍ਰੇਮੀ ਬਣ ਜਾਂਦੇ ਹਨ। ਇਕੱਲੇ ਪ੍ਰੇਮੀ ਨਹੀਂ ਬਣਦੇ ਦਾਸ ਬਣ ਜਾਂਦੇ ਹਨ।

# ਸਵਾਲ ਜਵਾਬ
# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ **'ਸਿਫਤਿ ਸਾਲਾਹ ਰਸਾਲੇ'** ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ। ਇਸ ਤੋਂ ਇਲਾਵਾ ਉਨ੍ਹਾਂ ਸਵਾਲਾਂ ਨੂੰ ਵੀ ਇਸ ਕਾਲਮ ਦਾ ਹਿੱਸਾ ਬਣਾਇਆ ਜਾਂਦਾ ਹੈ ਜਿਨ੍ਹਾਂ ਰਾਹੀਂ ਸਮੇਂ ਸਮੇਂ ਸੰਗਤਾਂ ਭਾਈ ਸਾਹਿਬ ਤੋਂ ਗੁਰਮਤਿ ਅਨੁਸਾਰ ਦੁਨਿਆਵੀ ਤੇ ਅਧਿਆਤਮਿਕ ਸੇਧ ਪ੍ਰਾਪਤ ਕਰਦੀਆਂ ਹਨ।

**51. ਸਵਾਲ: ਸਤਿਕਾਰਯੋਗ ਵੀਰ ਜੀ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਗੁਰਬਾਣੀ ਦਾ ਕੀ ਨਿਚੋੜ ਹੈ?**

**ਜਵਾਬ:** ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੀ ਗੁਰਬਾਣੀ ਦਾ ਨਿਚੋੜ ਹੈ, ਨਾਮ। ਗੁਰਬਾਣੀ ਬਾਰ ਬਾਰ ਉਪਦੇਸ਼ ਕਰ ਰਹੀ ਹੈ ਕਿ ਪ੍ਰਾਣੀ ਨਾਮ ਜਪ ਇਹ ਮਨੁੱਖੀ ਜਾਮਾ ਬਾਰ ਬਾਰ ਨਹੀਂ ਮਿਲਦਾ। ਇਹ ਮਨੁੱਖੀ ਜਾਮਾ ਕਈ ਜੂਨਾਂ ਤੋਂ ਬਾਅਦ ਮਿਲਿਆ ਹੈ। ਇਸ ਕਰਕੇ ਸੰਸਾਰਕ ਮੋਹ ਮਾਇਆ ਵਿੱਚ ਫਸ ਕੇ ਇਨ੍ਹਾਂ ਸਵਾਸਾਂ ਨੂੰ ਨਿਹਫਲ ਨਾ ਕਰੀਏ। ਆਪ ਵੀ ਜੁੜੀਏ ਤੇ ਹੋਰਨਾਂ ਨੂੰ ਵੀ ਜੁੜਨ ਦੀ ਪ੍ਰੇਰਨਾ ਦੇਈਏ। ਇਸ ਲਈ ਸਤਿਗੁਰੂ ਜੀ ਗੁਰਬਾਣੀ ਵਿੱਚ ਫ਼ਰਮਾਨ ਕਰਦੇ ਹਨ:

***ਭਈ ਪਰਾਪਤਿ ਮਾਨੁਖ ਦੇਹੁਰੀਆ ॥***
***ਗੋਬਿੰਦ ਮਿਲਣ ਦੀ ਇਹ ਤੇਰੀ ਬਰੀਆ ॥***

*(ਅੰਗ ੧੨)*

❁❁❁

**52. ਸਵਾਲ: ਸਤਿਕਾਰਯੋਗ ਵੀਰ ਜੀ, ਕੀ ਕੋਈ ਅਤਿ ਦੁਰਾਚਾਰੀ ਵੀ ਗੁਰੂ ਸਾਹਿਬ ਦੀ ਕਿਰਪਾ ਦਾ ਪਾਤਰ ਬਣ ਸਕਦਾ ਹੈ?**

**ਜਵਾਬ:** ਇਹ ਗੁਰੂ ਨਾਨਕ ਸਾਹਿਬ ਦੇ ਘਰ ਦਾ ਬਿਰਦ (ਬਖਸ਼ਿਸ਼ ਵਾਲਾ ਸੁਭਾਅ) ਹੈ ਕਿ ਸ਼ਰਨ ਵਿੱਚ ਆਏ ਦੀ ਗੁਰੂ ਸਾਹਿਬ ਲਾਜ ਰੱਖਦੇ ਹਨ।

***ਅਉਗਣੁ ਕੋ ਨ ਚਿਤਾਰਦਾ ਗਲ ਸੇਤੀ ਲਾਇਕ ॥***

*(ਅੰਗ ੧੧੦੧)*

ਸਿੱਖ ਇਤਿਹਾਸ ਵਿੱਚ ਅਨੇਕਾਂ ਮਿਸਾਲਾਂ ਇਸ ਗੱਲ ਦੀ ਗਵਾਹੀ ਭਰਦੀਆਂ ਹਨ ਕਿ ਅਤਿ ਨੀਚ ਕੰਮ ਕਰਨ ਵਾਲਿਆਂ ਨੂੰ ਵੀ ਗੁਰੂ ਨਾਨਕ ਮਹਾਰਾਜ ਜੀ ਨੇ ਆਪਣੇ ਗਲ ਨਾਲ ਲਗਾਇਆ। ਸੱਜਣ ਠੱਗ, ਕੌਡਾ ਰਾਖਸ਼, ਮਲਕ ਭਾਗੋ, ਭੂਮੀਆ ਚੋਰ ਜਿਨ੍ਹਾਂ ਦੇ ਕਾਰਨਾਮੇ ਪੜ੍ਹ ਸੁਣ ਕੇ ਹਿਰਦਾ ਕੰਬ ਜਾਂਦਾ ਹੈ, ਉਨ੍ਹਾਂ ਨੂੰ ਵੀ ਗੁਰੂ ਨਾਨਕ ਮਹਾਰਾਜ ਜੀ ਨੇ ਸ਼ਬਦ ਦਾ ਤੀਰ ਮਾਰ ਕੇ ਨਾ ਕੇਵਲ ਉਨ੍ਹਾਂ ਦਾ ਜੀਵਨ ਹੀ ਬਦਲਿਆ, ਸਗੋਂ ਅਜਿਹੀ ਕਿਰਪਾ ਕਰ

ਦਿੱਤੀ ਕਿ ਉਨ੍ਹਾਂ ਨੂੰ ਹੋਰਨਾਂ ਨੂੰ ਜੋੜਨ ਵਾਲੇ ਬਣਾ ਦਿੱਤਾ।

***ਗੁਰ ਕ੍ਰਿਪਾਲ ਜਬ ਭਏ ਤ ਅਵਗੁਣ ਸਭਿ ਛਪੇ ॥***
***ਪਾਰਬ੍ਰਹਮ ਗੁਰਦੇਵ ਨੀਚਹੁ ਉਚ ਥਪੇ ॥***

*(ਅੰਗ ੭੧੦)*

ਦੁਨੀਆਂ ਦੇ ਸਾਰੇ ਧਰਮ ਚੰਗੇ ਹਨ, ਪਰ ਇੱਕ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਦੀ ਵਡਿਆਈ ਹੈ ਕਿ ਗੁਰੂ ਨਾਨਕ ਮਹਾਰਾਜ ਜੀ ਆਪ ਦੁਰਾਚਾਰੀ ਦੇ ਘਰ ਚੱਲ ਕੇ ਉਸ ਨੂੰ ਤਾਰਨ ਵਾਸਤੇ ਗਏ। ਇਸ ਕਰਕੇ ਸ਼ੁਕਰਾਨਾ ਕਰਿਆ ਕਰੋ ਕਿ ਸਾਨੂੰ ਗੁਰੂ ਨਾਨਕ ਮਹਾਰਾਜ ਜੀ ਦੇ ਘਰ ਵਿੱਚ ਜਨਮ ਮਿਲਿਆ ਹੈ।

❁❁❁

**53. ਸਵਾਲ: ਸਤਿਕਾਰਯੋਗ ਵੀਰ ਜੀ, ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਿੰਨੀ ਤਰ੍ਹਾਂ ਦੀ ਹੈ?**

**ਜਵਾਬ:** ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਪ੍ਰਤੱਖ ਜਾਣ ਕੇ ਕਰੋ ਵੈਸੇ ਆਮ ਤੌਰ ਤੇ ਤਿੰਨ ਪ੍ਰਕਾਰ ਦੀ ਸੇਵਾ ਗਿਣੀ ਗਈ ਹੈ: **ਪਹਿਲੀ- ਕਨਿਸ਼ਟ ਸੇਵਾ, ਦੂਸਰੀ- ਮੱਧਮ ਸੇਵਾ ਅਤੇ ਤੀਸਰੀ- ਉੱਤਮ ਸੇਵਾ।**

ਸੌਖੇ ਰੂਪ ਵਿੱਚ ਲਿਖਦਾ ਹੋਇਆ ਦਾਸ ਇਹ ਬੇਨਤੀ ਕਰਦਾ ਹੈ ਕਿ ਕਨਿਸ਼ਟ ਸੇਵਾ ਇਹ ਹੈ ਕਿ ਆਪ ਅਸੀਂ ਏ.ਸੀ. ਕਮਰਿਆਂ ਵਿੱਚ ਸੌਂਈਏ ਅਤੇ ਬਾਬਾ ਜੀ ਦੇ ਕਮਰੇ ਵਿੱਚ ਪੱਖਾ ਵੀ ਨਾ ਹੋਵੇ। ਕਦੀ ਪ੍ਰਸ਼ਾਦੇ ਦਾ ਭੋਗ ਲਗਵਾਇਆ ਤੇ ਕਦੀ ਨਾ ਲਗਵਾਇਆ। ਰੁਮਾਲੇ ਦਾ ਵੀ ਪਤਾ ਨਹੀਂ ਕਦੋਂ ਬਦਲਣੇ ਹਨ ਤੇ ਕਦੋਂ ਨਹੀਂ। ਕਦੀ ਪਾਠ ਕੀਤਾ ਅਤੇ ਕਦੀ ਨਹੀਂ ਕੀਤਾ। ਐਸੀ ਸੇਵਾ ਕਨਿਸ਼ਟ ਸੇਵਾ ਹੈ ਜੋ ਪ੍ਰਵਾਨ ਨਹੀਂ ਹੈ।

ਮੱਧਮ ਸੇਵਾ ਇਸ ਤਰ੍ਹਾਂ ਦੀ ਹੁੰਦੀ ਹੈ ਕਿ ਜਿਵੇਂ ਅਸੀਂ ਆਪਣੇ ਲਈ ਸਹੂਲਤਾਂ ਰੱਖੀਆਂ ਹਨ, ਉਸੇ ਤਰ੍ਹਾਂ ਗੁਰੂ ਸਾਹਿਬ ਲਈ ਰੱਖੀਏ। ਤਿੰਨ ਸਮੇਂ ਭੋਗ ਲਗਵਾਉਣਾ। ਗਰਮੀਆਂ ਵਿੱਚ ਕੋਟਨ ਦਾ ਰੁਮਾਲਾ ਸਾਹਿਬ, ਸਰਦੀਆਂ ਵਿੱਚ ਗਰਮ ਰੁਮਾਲਾ ਸਾਹਿਬ। ਜੇ ਆਪਣੇ ਕਮਰੇ ਵਿੱਚ ਏ.ਸੀ. ਹੈ ਤਾਂ ਗੁਰੂ ਸਾਹਿਬ ਦੇ ਕਮਰੇ ਵਿੱਚ ਵੀ ਏ.ਸੀ. ਹੋਵੇ। ਜੇ ਆਪਣੇ ਕਮਰੇ ਵਿੱਚ ਹੀਟਰ ਹੈ ਤਾਂ ਗੁਰੂ ਸਾਹਿਬ ਦੇ ਕਮਰੇ ਵਿੱਚ ਵੀ ਹੀਟਰ ਭਾਵ ਆਪਣੇ ਵਰਗੀਆਂ ਸਹੂਲਤਾਂ ਗੁਰੂ ਸਾਹਿਬ ਦੇ ਕਮਰੇ ਵਿੱਚ ਰੱਖਣੀਆਂ ਮੱਧਮ ਸੇਵਾ ਹੈ।

ਉੱਤਮ ਸੇਵਾ ਬਾਬਾ ਨੰਦ ਸਿੰਘ ਜੀ ਵਰਗੇ ਮਹਾਂਪੁਰਸ਼ ਹੀ ਕਰ ਸਕਦੇ ਹਨ। ਬਾਬਾ ਜੀ ਨੇ ਸਾਰੀ-ਸਾਰੀ ਰਾਤ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹੱਥ ਵਾਲਾ ਪੱਖਾ ਝੱਲਣਾ, ਸਮੇਂ ਸਿਰ ਸਤਿਗੁਰੂ ਜੀ ਦਾ ਪ੍ਰਕਾਸ਼ ਕਰਨਾ, ਆਪ ਜ਼ਮੀਨ ’ਤੇ ਆਸਣ ਵਿਛਾ ਕੇ ਆਰਾਮ ਕਰਨਾ ਤੇ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਨੂੰ ਪਲੰਘ ’ਤੇ ਬਿਰਾਜਮਾਨ ਕਰਨਾ। ਤਿੰਨ ਟਾਈਮ ਗੁਰੂ ਸਾਹਿਬ ਅੱਗੇ ਪਰਸ਼ਾਦੇ ਦਾ ਥਾਲ ਹਾਜ਼ਰ ਕਰਨਾ। ਸਤਿਗੁਰੂ ਜੀ ਦੇ ਕਮਰੇ ਅੰਦਰ ਵੜਨ ਤੋਂ ਪਹਿਲਾਂ ਸਤਿਨਾਮੁ ਸ੍ਰੀ ਵਾਹਿਗੁਰੂ ਜੀ ਦਾ ਅਵਾਜ਼ਾ ਦੇਣਾ।

ਗ੍ਰਹਿਸਥੀ ਮੱਧਮ ਸੇਵਾ ਵੀ ਕਰ ਲਵੇ ਤਾਂ ਵੀ ਪ੍ਰਵਾਨ ਹੈ, ਪਰ ਕਨਿਸ਼ਟ ਸੇਵਾ ਨਾ ਕਰੇ। ਸਤਿਗੁਰੂ ਜੀ ਗੁਰਬਾਣੀ ਵਿੱਚ ਵੀ ਉਪਦੇਸ਼ ਦਿੰਦੇ ਹਨ-

***ਸਤਿਗੁਰ ਕੀ ਸੇਵਾ ਸਫਲੁ ਹੈ ਜੇ ਕੋ ਕਰੇ ਚਿਤੁ ਲਾਇ ॥***

*(ਅੰਗ ੬੪੪)*

❁❁❁

**54. ਸਵਾਲ: ਸਤਿਕਾਰਯੋਗ ਵੀਰ ਜੀ, ਪਰਮਾਰਥ ਦੀ ਕੀਤੀ ਪੜ੍ਹਾਈ ਮਰਨ ਦੇ ਨਾਲ ਖਤਮ ਹੋ ਜਾਂਦੀ ਹੈ ਜਾਂ ਮਰਨ ਤੋਂ ਬਾਅਦ**

**ਨਾਲ ਜਾਂਦੀ ਹੈ?**

**ਜਵਾਬ:** ਨਹੀਂ ਜੀ। ਦੁਨਿਆਵੀ ਪੜ੍ਹਾਈ ਅਤੇ ਪਰਮਾਰਥ ਦੀ ਪੜ੍ਹਾਈ ਵਿੱਚ ਫ਼ਰਕ ਹੈ। ਦੁਨਿਆਵੀ ਪੜ੍ਹਾਈ ਕਿਸੇ ਵੀ ਵਿਅਕਤੀ ਦੀ ਮੌਤ ਨਾਲ ਖਤਮ ਹੋ ਜਾਂਦੀ ਹੈ। ਜੇਕਰ ਕੋਈ ਵਿਅਕਤੀ ਇਸ ਜਨਮ ਵਿੱਚ ਡਾਕਟਰ ਹੈ ਤਾਂ ਜੇ ਅਗਲੇ ਜਨਮ ਵਿੱਚ ਫਿਰ ਉਸ ਨੇ ਡਾਕਟਰ ਬਣਨਾ ਹੈ ਤਾਂ ਉਸ ਨੂੰ ਦੁਬਾਰਾ ਡਾਕਟਰੀ ਦੀ ਪੜ੍ਹਾਈ ਕਰਨੀ ਪਵੇਗੀ ਡਿਗਰੀ ਲੈਣੀ ਪਵੇਗੀ ਡਿਪਲੋਮੇ ਕਰਨੇ ਪੈਣਗੇ ਪਰ ਪਰਮਾਰਥ ਦੀ ਪੜ੍ਹਾਈ ਵਿੱਚ ਅਜਿਹਾ ਨਹੀਂ। ਅਗਰ ਕੋਈ ਜਗਿਆਸੂ ਅਭੇਦਤਾ ਦੀ ਅਵਸਥਾ ਤੇ ਨਹੀਂ ਪਹੁੰਚਿਆ ਪਰ ਜਿੰਨੀਆਂ ਪੌੜੀਆਂ ਕੋਈ ਜਗਿਆਸੂ ਇਸ ਜਨਮ ਵਿੱਚ ਚੜ੍ਹ ਚੁੱਕਾ ਹੈ, ਉਸ ਨੂੰ ਅਗਲੇ ਜਨਮ ਵਿੱਚ ਇਹ ਪੌੜੀਆਂ ਤਿਆਰ ਮਿਲਣਗੀਆਂ।

ਦਾਸ ਆਪਣੇ ਜੀਵਨ ਦਾ ਇੱਕ ਦ੍ਰਿਸ਼ਟਾਂਤ ਸਾਂਝਾ ਕਰਨਾ ਚਾਹੁੰਦਾ ਹੈ। ਦਾਸ ਕਿਸੇ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਪੰਗਤ ਵਿੱਚ ਬੈਠ ਕੇ ਲੰਗਰ ਛਕ ਰਿਹਾ ਸੀ ਤੇ ਇੱਕ 12 ਕੁ ਸਾਲਾਂ ਦਾ ਬੱਚਾ ਬੜੇ ਸਹਿਜ ਅਤੇ ਸੰਤੋਖ ਨਾਲ ਵਾਹਿਗੁਰੂ ਜਪਦਿਆਂ ਲੰਗਰ ਵਰਤਾ ਰਿਹਾ ਸੀ। ਦਾਸ ਕਾਫੀ ਸਮਾਂ ਉਸ ਬੱਚੇ ਵੱਲ ਦੇਖਦਾ ਰਿਹਾ ਤੇ ਫਿਰ ਦਾਸ ਨੇ ਆਪਣੇ ਸਾਥੀ ਨੂੰ ਕਿਹਾ ਕਿ ਇਸ ਬੱਚੇ ਵਿੱਚ ਇੰਨਾ ਸਹਿਜ ਹੈ ਜਿਹੜਾ ਕਿਸੇ 80 ਸਾਲ ਦੇ ਬਜ਼ੁਰਗ ਵਿੱਚ ਵੀ ਨਹੀਂ ਦੇਖਿਆ। ਇਸ ਦਾ ਮਤਲਬ ਹੈ ਕਿ ਇਹ ਪਿਛਲੇ ਜਨਮ ਵਿੱਚ ਸੰਤੋਖ ਦੀ ਪੌੜੀ ਚੜ੍ਹਿਆ ਹੋਇਆ ਹੈ ਜਿਹੜੀ ਇਸ ਨੂੰ ਇਸ ਜਨਮ ਵਿੱਚ ਤਿਆਰ ਮਿਲ ਗਈ ਹੈ। ਇਸ ਕਰਕੇ ਪਰਮਾਰਥ ਦੀ ਪੜ੍ਹਾਈ ਵਿੱਚ ਜਿਤਨੀਆਂ ਪੌੜੀਆਂ ਚੜ੍ਹ ਜਾਈਏ ਉਹ ਨਾਸ ਨਹੀਂ ਹੁੰਦੀਆਂ ਇਹ ਅਗਲੇ ਜਨਮ ਵਿੱਚ ਤਿਆਰ ਮਿਲਦੀਆਂ ਹਨ। ਗੁਰਬਾਣੀ ਵਿੱਚ ਵੀ ਫ਼ਰਮਾਨ ਹੈ-

***ਤਿਸੁ ਮਿਲਿਆ ਜਿਸੁ ਪੁਰਬ ਕਮਾਈ ॥***

*(ਅੰਗ ੧੦੮)*

❁❁❁

**ਬੀਬੀ ਕੌਲਾਂ ਜੀ ਭਲਾਈ ਕੇਂਦਰ, ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਯੂ-ਟਿਊਬ ਚੈਨਲ**

**ਸੰਗਤ ਦੀ ਬੇਟੀ ਗੁਰਪ੍ਰੀਤ ਕੌਰ**




**www.youtube.com/@sangatdibeti**



**ਇਸ ਸਕੈਨਰ ਨੂੰ ਸਕੈਨ ਕਰਕੇ ਜਾਂ ਦਿੱਤੇ ਲਿੰਕ ਰਾਹੀਂ ਆਪ ਜੀ ਚੈਨਲ ਤੱਕ ਪਹੁੰਚ ਸਕਦੇ ਹੋ ਜੀ।**

ਇਸ ਚੈਨਲ ਵਿੱਚ ਦਸਾਂ ਪਾਤਸ਼ਾਹੀਆਂ ਜੀ ਨਾਲ ਸਬੰਧਤ ਗੁ: ਸਾਹਿਬ ਜੀ ਦੇ ਇਤਿਹਾਸ, ਬਖਸ਼ਿਸ਼ਾਂ ਅਤੇ ਹੋਰ ਧਾਰਮਿਕ ਸਮੱਗਰੀ ਭਾਈ ਸਾਹਿਬ ਜੀ ਦੀ ਅਵਾਜ਼ ਵਿੱਚ ਸਰਵਣ ਕਰੋ ਜੀ।

**ਚੈਨਲ ਨੂੰ ਸਬਸਕਰਾਈਬ ਕਰੋ ਲਾਈਕ ਕਰੋ ਅਤੇ ਬੈੱਲ ਸਵਿੱਚ ਦਬਾਓ ਜੀ**

**ਸੰਪਰਕ : 98765-25839, 98765-25829, 95015 32111**

# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ
# ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥



*ਲੜੀ ਜੋੜਨ ਲਈ 164 ਅੰਕ ਦੇਖੋ ਜੀ :-*

*-ਭਾਈ ਅਮਰੀਕ ਸਿੰਘ ਗਨੈਸਕ*

ਅਕਾਲ ਪੁਰਖ ਦੇ ਸਾਜੇ ਬ੍ਰਹਿਮੰਡ ਦੇ ਪਸਾਰੇ ਦਾ ਤਾਂ ਪਰਮੇਸ਼ਰ ਨੂੰ ਹੀ ਪਤਾ ਹੈ। ਇਸ ਧਰਤੀ ਉੱਪਰ ਰਹਿਣ ਵਾਲੀ ਮਨੁੱਖ ਜਾਤੀ ਵਿੱਚ ਅਨੇਕਾਂ ਤਰ੍ਹਾਂ ਦੇ ਵਿਚਾਰ ਅਤੇ ਅਨੇਕਾਂ ਤਰ੍ਹਾਂ ਦੇ ਪ੍ਰਭਾਵ ਪ੍ਰਚਲਿਤ ਹਨ। ਕਲਕੱਤੇ ਵਰਗੇ ਮਹਾਂ ਨਗਰ ਵਿੱਚ ਸਿੱਖ ਭਾਈਚਾਰੇ ਦੀ ਵਸੋਂ ਵੱਡੀ ਗਿਣਤੀ ਵਿੱਚ ਸੀ। ਗੁਰਦੁਆਰਾ ਸਾਹਿਬਾਨ ਵਿੱਚ ਕਥਾ-ਕੀਰਤਨ ਅਤੇ ਪੰਜਾਬ ਤੋਂ ਸਮੇਂ ਸਮੇਂ ਤੇ ਆਉਣ ਵਾਲੇ ਪ੍ਰਚਾਰਕਾਂ ਦੇ ਪ੍ਰਚਾਰ ਸਦਕਾ ਕਈ ਪਰਿਵਾਰ ਗੁਰਸਿੱਖੀ ਮੰਡਲ ਵਿੱਚ ਦਾਖਲ ਹੋ ਚੁੱਕੇ ਸਨ। ਜਨਵਰੀ 1950 ਵਿੱਚ ਸ੍ਰੀਮਾਨ ਬਾਬਾ ਈਸ਼ਰ ਸਿੰਘ ਜੀ ਕਰਮਸਰ ਰਾੜਾ ਸਾਹਿਬ ਵਾਲੇ ਪਹਿਲੀ ਵਾਰ ਕਲਕੱਤੇ ਆਏ ਸਨ। ਆਪ ਜੀ ਦੇ ਰੂਹਾਨੀਅਤ ਨਾਲ ਭਿੱਜੇ ਬਚਨਾਂ ਦਾ ਸੰਗਤ ਤੇ ਅਜਿਹਾ ਪ੍ਰਭਾਵ ਪਿਆ ਸੀ ਕਿ ਵੱਡੀ ਗਿਣਤੀ ਵਿੱਚ ਪ੍ਰੇਮੀ ਖੰਡੇ ਬਾਟੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣ ਗਏ ਸਨ। ਕਈ ਅਜਿਹੇ ਵੀ ਸਨ ਜੋ ਗੁਰੂ ਵਾਲੇ ਤਾਂ ਨਹੀਂ ਸਨ ਬਣੇ, ਪਰ ਗੁਰਦੁਆਰਾ ਸਾਹਿਬ ਆਉਣ ਲੱਗੇ ਸਨ, ਨੇਮ ਕਰਨ ਲੱਗੇ ਸਨ ਭਾਵ ਇਸ ਰਸਤੇ ਪੈ ਗਏ ਸਨ। ਸੰਗਤ ਰੰਗਤ ਲਿਆਉਂਦੀ ਹੈ। ਦੂਸਰੇ ਪਾਸੇ ਅਜਿਹੇ ਪ੍ਰਭਾਵ ਹੇਠ ਰਹਿ ਰਹੇ ਲੋਕ ਵੀ ਸਨ ਜੋ ਮਾਇਕ ਪੱਖੋਂ ਤਰੱਕੀ ਕਰ ਕੇ 'ਉੱਚੇ ਸਟੇਟਸ' ਵਾਲੇ ਬਣ ਚੁੱਕੇ ਸਨ ਅਤੇ 'ਸਟੇਟਸ ਸਿੰਬਲ' ਵਜੋਂ ਸ਼ਾਮ ਦਾ ਸਮਾਂ ਕਲੱਬਾਂ ਆਦਿ ਦੇ ਲੇਖੇ ਲਾਉਂਦੇ ਸਨ।

ਖਟੜੇ ਪਿੰਡ ਦੇ ਸ੍ਰ. ਬੰਤਾ ਸਿੰਘ ਜੀ ਨੇ ਕਲਕੱਤੇ ਦੀ ਸੰਗਤ ਵੱਲੋਂ ਮਹਾਂਪੁਰਖਾਂ ਨੂੰ ਕਲਕੱਤੇ ਦਰਸ਼ਨ ਦੇਣ ਦੀ ਬੇਨਤੀ ਕੀਤੀ। ਜਨਵਰੀ 1950 ਤੋਂ ਹੁਣ ਨਵੰਬਰ 1952 ਤੱਕ ਲਗਭਗ ਦੋ ਸਾਲ ਦਸ ਮਹੀਨੇ ਬੀਤ ਚੁੱਕੇ ਸਨ। ਮਹਾਂਪੁਰਖਾਂ ਨੇ ਸਮਾਂ ਦੇ ਦਿੱਤਾ। ਇਸ ਵਾਰ ਆਪ ਜੀ ਰੇਲਗੱਡੀ ਵਿੱਚ ਜਾਣ ਦੀ ਥਾਂ ਜੱਥੇ ਸਮੇਤ ਸਟੇਸ਼ਨ ਵੈਗਨ ਤੇ ਕਲਕੱਤੇ ਪਹੁੰਚੇ। ਰਿਹਾਇਸ਼ ਦਾ ਪ੍ਰਬੰਧ ਸ੍ਰ. ਵਰਿਆਮ ਸਿੰਘ ਦੀ ਕੋਠੀ ਵਿੱਚ ਕੀਤਾ ਗਿਆ ਸੀ।

ਗੁਰਦੁਆਰਾ ਜਗਤ ਸੁਧਾਰ ਵਿਖੇ ਦੀਵਾਨ ਸਜਦੇ। ਮਹਾਂਪੁਰਖ ਸੁਖੈਨ ਬੋਲੀ ਵਿੱਚ ਸਾਖੀ ਪ੍ਰਮਾਣ ਰਾਹੀਂ ਸੰਗਤ ਨੂੰ ਗੁਰਮਤਿ ਨਾਲ ਜੋੜਦੇ। ਵਿਦਵਤਾ ਅਤੇ ਪ੍ਰਭਾਵੀ ਬੋਲੀ ਨਾਲ ਅਲੰਕਾਰ ਸਿਰਜ ਕੇ ਵਾਹ-ਵਾਹ ਤਾਂ ਮਿਲ ਜਾਂਦੀ ਹੈ, ਸਦੀਵੀ ਪ੍ਰਭਾਵ ਨਹੀਂ ਪੈਂਦਾ। ਕਮਾਏ ਹੋਏ ਬਚਨ ਹੀ ਸ੍ਰੋਤਿਆਂ ਦਾ ਜੀਵਨ ਬਣਾਉਣ ਦੇ ਸਮਰੱਥ ਹੋਇਆ ਕਰਦੇ ਹਨ। ਵੱਡੀ ਗਿਣਤੀ ਵਿੱਚ ਸੰਗਤ ਜੁੜਨ ਲੱਗੀ। ਕਲੱਬਾਂ ਵਿੱਚ ਜਾਣ ਵਾਲੇ ਵੀ ਸੰਗਤ ਵਿੱਚ ਆਉਣ ਲੱਗੇ ਜਿਨ੍ਹਾਂ ਵਿੱਚੋਂ ਬਹੁਤਿਆਂ ਦੇ ਕਲੱਬ ਪੱਕੇ ਤੌਰ ਤੇ ਛੁਟ ਗਏ। ਭਾਗ ਜਾਗ ਪਏ। ਆਪਣੇ ਵਿਰਸੇ ਦੀ ਸੋਝੀ ਆਈ। ਬਹੁਤ ਸਾਰੇ ਪ੍ਰੇਮੀ ਖੰਡੇ ਦੀ ਪਾਹੁਲ ਛਕ ਕੇ ਗੁਰੂ ਵਾਲੇ ਬਣ ਗਏ।

ਸ੍ਰੀਮਾਨ ਸੰਤ ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲਿਆਂ ਦੀ ਯਾਦ ਵਿੱਚ ਰਾੜਾ ਸਾਹਿਬ ਹਰ ਸਾਲ ਨੌਂ ਮਾਘ ਨੂੰ ਸਮਾਗਮ ਕਰਵਾਇਆ

ਜਾਂਦਾ ਹੈ। ਸਮਾਗਮ ਦਾ ਦਿਨ ਨੇੜੇ ਆ ਰਿਹਾ ਸੀ ਪਰ ਕਲਕੱਤੇ ਦੀ ਸੰਗਤ ਦੀ ਭਾਵਨਾ ਸੀ ਕਿ ਅਜੇ ਹੋਰ ਸਮਾਂ ਮਿਲੇ। ਸੰਗਤ ਦੀ ਭਾਵਨਾ ਦੇਖ ਜੱਥੇ ਨੂੰ ਕਲਕੱਤੇ ਰਹਿਣ ਦਾ ਬਚਨ ਕਰਕੇ ਹਜ਼ੂਰੀ ਸੇਵਕ ਨਾਲ ਹਵਾਈ ਜਹਾਜ਼ ਰਾਹੀਂ ਕਲਕੱਤੇ ਤੋਂ ਦਿੱਲੀ ਪਹੁੰਚੇ।

ਦਿੱਲੀ ਤੋਂ ਮੋਹਨ ਸਿੰਘ ਕੋਕਾ ਕੋਲਾ ਵਾਲਿਆਂ ਨੇ ਸੇਵਾ ਵਿੱਚ ਕਾਰ ਹਾਜ਼ਰ ਕੀਤੀ ਜਿਸ ਰਾਹੀਂ ਬਾਬਾ ਜੀ ਕਰਮਸਰ ਰਾੜਾ ਸਾਹਿਬ ਪਹੁੰਚੇ।

ਬਾਬਾ ਅਤਰ ਸਿੰਘ ਜੀ ਰੇਰੂ ਸਾਹਿਬ ਵਾਲੇ ਮਹਾਂਪੁਰਖਾਂ ਨੇ 1927 ਵਿੱਚ ਸਰੀਰ ਰੂਪੀ ਚੋਲੇ ਦਾ ਪਰੀਤਿਆਗ ਕੀਤਾ ਸੀ। ਆਪ ਜੀ ਨੇ ਰਮਜ਼ਾਂ ਪਹਿਲਾਂ ਹੀ ਦੇਣੀਆਂ ਸ਼ੁਰੂ ਕਰ ਦਿੱਤੀਆਂ ਸਨ ਪਰ ਜ਼ਿਆਦਾਤਰ ਪ੍ਰੇਮੀ ਸਮਝ ਨਾ ਸਕੇ। ਇਨ੍ਹਾਂ ਦਿਨਾਂ ਵਿੱਚ ਖੁੱਲ੍ਹੀ ਖੇਡ ਵਰਤਾਈ। ਜੋ ਕੋਈ ਵੀ ਆਇਆ ਝੋਲੀਆਂ ਭਰ ਕੇ ਗਿਆ। ਸੰਗਤ ਨੂੰ ਕਹਿ ਕੇ ਪਿੰਡ ਤੋਂ ਗੁਰਦੁਆਰਾ ਸਾਹਿਬ ਤੱਕ ਆਉਣ ਵਾਲੇ ਰਾਹ ਨੂੰ ਠੀਕ ਕਰਵਾਇਆ। ਮਿੱਟੀ ਪਵਾਈ, ਰੋੜੀਆਂ ਠੀਕ ਕਰਵਾਈਆਂ ਅਤੇ ਸਾਰੇ ਕਾਰਜ ਦੀ ਨਿਗਰਾਨੀ ਕਰਦਿਆਂ ਖੁਦ ਸੇਵਾ ਕਰਵਾਈ ਨਾਲ ਬਚਨ ਕੀਤਾ, "ਸੰਗਤ ਨੂੰ ਲੰਘਣ ਸਮੇਂ ਤਕਲੀਫ ਹੋਣੀ ਸੀ।"

ਸਰੀਰ ਛੱਡਣ ਸਮੇਂ ਬਚਨ ਕੀਤਾ- "ਸੁਣੋ ਸੰਗਤ ਜੀ! ਅੱਜ ਅਸੀਂ ਸੰਸਾਰ ਤੋਂ ਜਾ ਰਹੇ ਹਾਂ। ਸੰਸਾਰ ਦੁੱਖ ਅਤੇ ਕਲੇਸ਼ ਦਾ ਘਰ ਹੈ। ਅਸੀਂ ਨਿਰਲੇਪ ਰਹਿਣ ਦਾ ਯਤਨ ਕੀਤਾ ਹੈ। ਕਿਸੇ ਕਾਰਨ ਕਿਸੇ ਦੇ ਮਨ ਤੇ ਕੋਈ ਬੁਰਾ ਅਸਰ ਪਿਆ ਹੋਵੇ ਤਾਂ ਉਸ ਨੂੰ ਭੁਲਾ ਦਿਓ।"

ਇਹ ਬਚਨ ਸੁਣ ਕੇ ਸਾਰੇ ਹੈਰਾਨ ਰਹਿ ਗਏ। ਮਹਾਂਪੁਰਖਾਂ ਨੇ ਤਾਂ ਸਪੱਸ਼ਟ ਹੀ ਬਚਨ ਕਰ ਦਿੱਤਾ ਸੀ। ਨਿਰਲੇਪ ਤਾਂ ਮਹਾਂਪੁਰਖ ਸਨ ਹੀ, ਦਰਸ਼ਨ ਕਰਕੇ ਹਰ ਕਿਸੇ ਨੂੰ ਚਾਅ ਚੜ੍ਹ ਜਾਂਦਾ ਸੀ, ਬੁਰਾ ਅਸਰ ਕਿਸ ਤੇ ਪੈ ਸਕਦਾ ਸੀ।

"ਇਹ ਬਾਬਾ ਕਰਮ ਸਿੰਘ ਜੀ ਦੀ ਕਿਰਪਾ ਹੈ। ਅਸੀਂ ਊਣੇ ਜਾਂ ਘਾਟੇ ਵਾਲਿਆਂ ਦੇ ਸੇਵਕ ਨਹੀਂ ਹਾਂ। ਗੁਰੂ ਕਾ ਖਜ਼ਾਨਾ ਅਸੀਂ ਖੁੱਲ੍ਹ ਕੇ ਵਰਤਿਆ ਹੈ। ਕਿਸੇ ਲੋੜਵੰਦ ਦੀ ਲੋੜ ਰਹਿ ਗਈ ਹੈ ਤਾਂ ਹੁਣੇ ਮੰਗ ਲਵੋ।" ਮਹਾਂਪੁਰਖਾਂ ਦੀ ਮੌਜ ਹੈ ਪਰ ਇਹ ਵਿਛੋੜਾ ਝਲਣਾ ਹੀ ਪਵੇਗਾ। ਹਰ ਕੋਈ ਚਾਹੁੰਦਾ ਸੀ ਅਜੇ ਮਹਾਂਪੁਰਖ ਨਾ ਜਾਣ।

"ਇਸ ਸਾਧ ਬਾਰੇ ਜ਼ਰੂਰ ਸੋਚਦੇ ਹਾਂ। ਇਸ ਦੀ ਲਾਜ ਹੁਣ ਬਾਬਾ ਕਰਮ ਸਿੰਘ ਜੀ ਦੇ ਹੱਥ ਹੈ।" ਮਹਾਂਪੁਰਖਾਂ ਨੇ ਬਾਬਾ ਈਸ਼ਰ ਸਿੰਘ ਜੀ ਵੱਲ ਇਸ਼ਾਰਾ ਕਰਦਿਆਂ ਬਚਨ ਕੀਤਾ ਸੀ ਅਤੇ ਫਿਰ ਬਾਬਾ ਕਿਸ਼ਨ ਸਿੰਘ ਜੀ ਨੂੰ ਬਚਨ ਕੀਤਾ ਸੀ, "ਭਾਈ! ਤੁਸੀਂ ਇਕੱਠੇ ਰਹਿਣਾ ਹੈ। ਕੋਈ ਥੋੜ ਨਹੀਂ ਰਹੇਗੀ।"

ਮਹਾਂਪੁਰਖ ਰਮਜ਼ ਦਿਆ ਕਰਦੇ ਹਨ, ਜਿਸਦਾ ਭਾਵ ਉਸ ਸਮੇਂ ਕੋਈ ਵਿਰਲਾ ਹੀ ਸਮਝਦਾ ਹੈ। ਸਮਾਂ ਪਾ ਕੇ ਬਚਨ ਦਾ ਭਾਵ ਪ੍ਰਤੱਖ ਹੁੰਦਾ ਹੈ। ਸ੍ਰੀਮਾਨ ਸੰਤ ਬਾਬਾ ਨੰਦ ਸਿੰਘ ਜੀ ਕਲੇਰਾਂ ਵਾਲਿਆਂ ਨੇ ਬਾਬਾ ਈਸ਼ਰ ਸਿੰਘ ਜੀ ਪ੍ਰਥਾਏ ਕਵੀ ਮਧੁਸੂਦਨ ਸਿੰਘ ਜੀ ਨਾਲ ਬਚਨ ਕਰਦਿਆਂ ਕਿਹਾ ਸੀ, "ਇਸਦਾ ਧਿਆਨ ਰੱਖਣਾ।" ਇਹ ਰਮਜ਼ ਸੀ। ਭਾਵ ਇਹ ਨਹੀਂ ਸੀ ਕਿ ਇਨ੍ਹਾਂ ਨੂੰ ਬਹੁਤੀ ਸੋਝੀ ਨਹੀਂ ਇਸ ਲਈ ਖਿਆਲ ਰੱਖਣਾ ਸਗੋਂ ਭਾਵ ਸੀ ਕਿ ਇਹ ਰੂਹਾਨੀਅਤ ਦੇ ਅਕਾਸ਼ ਵਿੱਚ ਜਗ ਮਗਾ ਰਹੇ ਹਨ, ਧਿਆਨ ਰੱਖਣਾ ਇੱਕ ਦਿਨ ਸਾਰਾ ਸੰਸਾਰ ਇਹ ਦੇਖੇਗਾ। ਇਸੇ ਤਰ੍ਹਾਂ ਰੇਰੂ ਸਾਹਿਬ ਵਾਲੇ ਮਹਾਂਪੁਰਖਾਂ ਦਾ ਭਾਵ ਸੀ ਰੂਹਾਨੀਅਤ ਦੇ ਖਜ਼ਾਨੇ ਦੇ ਮਾਲਕ ਬਣ ਗਏ ਹਨ ਕੋਈ ਥੋੜ ਨਹੀਂ ਹੈ, ਨਾ ਕਦੇ ਹੋਵੇਗੀ।

ਇਹ ਬਚਨ ਕਰਕੇ ਮਹਾਂਪੁਰਖਾਂ ਨੇ ਸਮਾਧੀ ਲਾ ਲਈ ਸੀ ਅਤੇ ਸਰੀਰ ਰੂਪੀ ਚੋਲੇ ਦਾ ਤਿਆਗ ਕਰ ਦਿੱਤਾ ਸੀ।

ਅੱਜ 26 ਸਾਲ ਹੋ ਚੁੱਕੇ ਸਨ। ਹਰ ਸਾਲ ਦੀ ਤਰ੍ਹਾਂ ਮਹਾਂਪੁਰਖਾਂ ਦੀ ਮਿੱਠੀ ਯਾਦ ਵਿੱਚ ਸਮਾਗਮ ਹੋਏ। ਇਲਾਕੇ ਦੀਆਂ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕੀਤੇ। ਸਮਾਗਮ ਦੀ ਸਮਾਪਤੀ ਤੋਂ ਬਾਅਦ ਮਹਾਂਪੁਰਖ ਦੁਬਾਰਾ ਕਲਕੱਤੇ ਆ ਗਏ।

ਕਲਕੱਤੇ ਵਿਖੇ ਕਲਕੱਤੇ ਤੋਂ ਇਲਾਵਾ ਹੋਰਾਂ ਸ਼ਹਿਰਾਂ ਤੋਂ ਵੀ ਸੰਗਤ ਆ ਕੇ ਲਾਹੇ ਪ੍ਰਾਪਤ ਕਰਦੀ। ਹਾਂਸ ਪਿੰਡ ਦੇ ਸ੍ਰ. ਬਲਵੰਤ ਸਿੰਘ ਦਾਨਪੁਰ ਪਟਨੇ ਰਹਿੰਦੇ ਸਨ। ਉਨ੍ਹਾਂ ਦੇ ਵੱਡੇ ਭਰਾ ਸ੍ਰ. ਗੁਰਮੁਖ ਸਿੰਘ ਰੇਲਵੇ ਵਿੱਚ ਇੰਸਪੈਕਟਰ ਸਨ। ਬਿਹਾਰ ਦੀ ਰਾਜਧਾਨੀ ਪਟਨਾ ਸੀ ਪਰ ਗਰਮੀਆਂ ਵਿੱਚ ਰਾਜਧਾਨੀ ਦੇ ਦਫ਼ਤਰ ਰਾਂਚੀ ਆ ਜਾਂਦੇ ਸਨ। ਅੰਗਰੇਜ਼ਾਂ ਸਮੇਂ ਐਸਾ ਹੁੰਦਾ ਸੀ। ਪੰਜਾਬ ਦੀ ਰਾਜਧਾਨੀ ਵੀ ਗਰਮੀਆਂ ਵਿੱਚ ਸ਼ਿਮਲੇ ਚਲੀ ਜਾਂਦੀ ਸੀ। ਅੰਗਰੇਜ਼ਾਂ ਦੇ ਬਾਅਦ ਵੀ ਇਹ ਚਲਨ ਜਾਰੀ ਰਿਹਾ। 2000 ਵਿੱਚ ਨਵਾਂ ਰਾਜ ਝਾਰਖੰਡ ਬਣਨ ਤੋਂ ਪਹਿਲਾਂ ਤੱਕ ਰਾਂਚੀ ਨੂੰ ਬਿਹਾਰ ਦੇ 'ਸਮਰ ਕੈਪੀਟਲ' ਵਜੋਂ ਜਾਣਿਆ ਜਾਂਦਾ ਸੀ। ਸ੍ਰ. ਬਲਵੰਤ ਸਿੰਘ ਹੋਰਾਂ ਦਾ ਸਰਕਾਰੀ ਕੰਮਾਂ ਦੇ ਸੰਬੰਧ ਵਿੱਚ ਰਾਂਚੀ ਆਉਣ ਜਾਣ ਹੁੰਦਾ ਰਹਿੰਦਾ ਸੀ। ਦੋਨਾਂ ਭਰਾਵਾਂ ਪਾਸੋਂ ਮਹਾਂਪੁਰਖਾਂ ਦੀ ਸ਼ੋਅ ਸੁਣ ਕੇ ਰਾਂਚੀ ਤੋਂ ਸ੍ਰ. ਦਰਸ਼ਨ ਸਿੰਘ, ਸ੍ਰ. ਸੰਗਤ ਸਿੰਘ ਆਦਿ ਪ੍ਰੇਮੀਆਂ ਨਾਲ ਕਲਕੱਤੇ ਪਹੁੰਚੇ। ਮਹਾਂਪੁਰਖਾਂ ਦੇ ਦਰਸ਼ਨ ਕਰਕੇ ਮਨ ਮੋਹੇ ਗਏ। ਕੀਰਤਨ ਅਤੇ ਨਿਰੋਲ ਗੁਰਮਤਿ ਵਿਚਾਰ ਸਰਵਣ ਕਰਕੇ ਮਨ ਨੂੰ ਅਕਹਿ ਰਸ ਮਹਿਸੂਸ ਹੋਇਆ। ਰਾਂਚੀ ਵਿਖੇ ਸਮਾਂ ਦੇਣ ਦੀ ਬੇਨਤੀ ਕੀਤੀ। ਬਾਬਾ ਜੀ ਨੇ ਸੰਗਤ ਦਾ ਪ੍ਰੇਮ ਦੇਖ ਕੇ ਸਮਾਂ ਦੇ ਦਿੱਤਾ।

ਨੀਅਤ ਦਿਨ, ਜਿਸ ਵੇਲੇ ਬਾਬਾ ਜੀ ਨੇ ਜੱਥੇ ਸਮੇਤ ਕਲਕੱਤੇ ਤੋਂ ਚਾਲੇ ਪਾਉਣੇ ਸਨ, ਵੱਡੀ ਗਿਣਤੀ ਵਿੱਚ ਸੰਗਤ ਇਕੱਤਰ ਹੋ ਗਈ। ਜਿਸ ਵੇਲੇ ਸੰਗਤ ਨੂੰ ਫਤਹਿ ਬੁਲਾ ਕੇ ਮਹਾਂਪੁਰਖਾਂ ਨੇ ਚਾਲੇ ਪਾਏ, ਪ੍ਰੇਮੀਆਂ ਦੇ ਨੇਤਰ ਪਿਆਰ ਦੇ ਮੋਤੀਆਂ ਨਾਲ ਭਰ ਆਏ। ਕਲਕੱਤੇ ਦੇ ਕੁਝ ਪ੍ਰੇਮੀ ਆਪਣੀਆਂ ਗੱਡੀਆਂ ਵਿੱਚ ਮਹਾਂਪੁਰਖਾਂ ਦੇ ਪਿੱਛੇ-ਪਿੱਛੇ ਤੁਰ ਪਏ। ਉੱਧਰ ਰਾਂਚੀ ਤੋਂ ਸ੍ਰ. ਮੋਹਨ ਸਿੰਘ ਸੰਗਤ ਨਾਲ ਸਵਾਗਤ ਲਈ ਰਾਂਚੀ ਤੋਂ 10-11 ਕਿਲੋਮੀਟਰ ਅੱਗੇ ਆ ਕੇ ਖੜੇ ਸਨ। ਸੰਗਤ ਵਿੱਚ ਬਹੁਤ ਉਤਸ਼ਾਹ ਸੀ। ਬੈਂਡ-ਵਾਜੇ, ਫੁੱਲਾਂ ਦੀ ਵਰਖਾ ਆਦਿ ਰਾਹੀਂ ਪ੍ਰੇਮੀ ਆਪਣੀ ਭਾਵਨਾ ਪ੍ਰਗਟਾਅ ਰਹੇ ਸਨ। ਬਾਬਾ ਜੀ ਇਹ ਨਹੀਂ ਚਾਹੁੰਦੇ ਸਨ ਪਰ ਸੰਗਤ ਦੀ ਇਕੱਤਰਤਾ ਵੱਡੀ ਗਿਣਤੀ ਵਿੱਚ ਸੀ। ਰਾਂਚੀ ਸ਼ਹਿਰ ਪਹੁੰਚ ਕੇ ਬਾਬਾ ਜੀ ਸਭ ਤੋਂ ਪਹਿਲਾਂ ਸਿੰਘ ਸਭਾ ਗੁਰਦੁਆਰਾ ਸਾਹਿਬ ਦਰਸ਼ਨ ਕਰਨ ਗਏ। ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੱਥਾ ਟੇਕਿਆ। ਸੰਗਤ ਨੂੰ ਗੁਰੂ ਸਾਹਿਬ ਅਤੇ ਗੁਰ ਉਪਦੇਸ਼ ਨਾਲ ਜੁੜਨ ਦਾ ਬਚਨ ਕੀਤਾ। ਕਲਕੱਤੇ ਤੋਂ ਆਈ ਸੰਗਤ ਨੂੰ ਮਹਾਂਪੁਰਖਾਂ ਨੇ ਬਚਨ ਕੀਤਾ ਕਿ ਤੁਹਾਡਾ ਪ੍ਰੇਮ ਪ੍ਰਵਾਨ ਹੈ, ਇੰਨੀ ਦੂਰ ਆਉਣ ਦੀ ਖੇਚਲ ਕੀਤੀ ਹੈ। ਸੰਗਤ ਨੇ ਬੇਨਤੀ ਕੀਤੀ, "ਬਾਬਾ ਜੀ ! ਅਸੀਂ ਫਿਰ ਵਾਪਸ ਜਾਵਾਂਗੇ, ਆਪ ਜੀ ਬਚਨ ਦਿਓ ਕਿ ਕਲਕੱਤੇ ਫਿਰ ਜਲਦੀ ਕਿਰਪਾ ਕਰੋਗੇ, ਦਰਸ਼ਨ ਦਿਓਗੇ।" ਪ੍ਰੇਮ ਦੇਖ ਕੇ ਬਾਬਾ ਜੀ ਨੇ ਬਚਨ ਦੇ ਦਿੱਤਾ।

ਬਾਬਾ ਜੀ ਦੀ ਰਿਹਾਇਸ਼ ਦਾ ਪ੍ਰਬੰਧ ਸ੍ਰ. ਦਰਸ਼ਨ ਸਿੰਘ ਦੀ ਕੋਠੀ ਵਿੱਚ ਕੀਤਾ ਗਿਆ। ਆਪ ਜੀ ਨੇ ਇੱਥੇ ਸੱਤ ਦਿਨਾਂ ਦਾ ਸਮਾਂ ਦਿੱਤਾ ਸੀ।

**—ਚਲਦਾ**

(VCD 541)

## ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ ਧੰਨ ਧੰਨ ਭਾਈ ਬਿਧੀ ਚੰਦ ਜੀ

# ਪੰਜਵੇਂ ਪਾਤਸ਼ਾਹ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਕੀ-ਕੀ ਉਪਦੇਸ਼ ਦਿੱਤੇ?

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 154 ਅੰਕ ਤੋਂ—"ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ" ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰਿਆਂ ਵਿੱਚੋਂ- ਧੰਨ ਧੰਨ ਭਾਈ ਬਿਧੀ ਚੰਦ ਜੀ ਦੇ ਜੀਵਨ ਤੇ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*—ਸੰਪਾਦਕ*

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥***

*(ਵਾਰ ੧੯, ਪਉੜੀ ੧੨)*

ਸਾਧ ਸੰਗਤ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ ਜੀ। ਇੱਕ ਪ੍ਰਕਰਨ ਦੀ ਸਤਿਗੁਰੂ ਜੀ ਸੇਵਾ ਲੈ ਰਹੇ ਹਨ:

**ਸਿੱਖ ਪੰਥ ਦੇ ਸਤਿਕਾਰਤ ਗੁਰਮੁਖ ਪਿਆਰੇ :**

ਇਸ ਅੰਕ ਵਿੱਚ ਆਪਾਂ ਕਿਸ ਬਖਸ਼ੀ ਰੂਹ ਦੇ ਜੀਵਨ ਦੇ ਦਰਸ਼ਨ ਕਰਨੇ ਹਨ:

***ਧੰਨ ਧੰਨ ਭਾਈ ਬਿਧੀ ਚੰਦ ਜੀ।***

ਜਿਨ੍ਹਾਂ ਦਾ ਮੁੱਖ ਗੁਰੂ ਵੱਲ ਹੈ। ਉਸ ਖਜ਼ਾਨੇ ਵਿੱਚੋਂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਆਈ ਹੋਈ ਸੰਗਤ ਤੇ ਤੁੱਠ ਪੈਣ, ਕਿਸੇ ਗੁਣ ਦਾ ਛਿੱਟਾ ਬੁੱਕ ਭਰ ਕੇ ਸੰਗਤ ਨੂੰ ਦੇ ਦੇਣ ਕਿ ਜਿਹੜੇ ਗੁਣ ਸਰਵਣ ਕਰ ਰਹੀ ਹੈ, ਉਹ ਛਿੱਟਾ ਸੰਗਤ ਤੇ ਵੀ ਪੈ ਜਾਵੇ, ਉਹ ਗੁਣ ਉਨ੍ਹਾਂ ਦੇ ਜੀਵਨ ਵਿੱਚ ਵੀ ਆ ਜਾਣ।

***ਜਬ ਲਗੁ ਦੁਨੀਆ ਰਹੀਐ***
***ਨਾਨਕ ਕਿਛੁ ਸੁਣੀਐ ਕਿਛੁ ਕਹੀਐ ॥***

*(ਅੰਗ ੬੬੧)*

ਇਹ ਗੁਰਬਾਣੀ ਹੈ। ਸੁਣਨ ਵਿੱਚ ਹੀ ਸਾਰੀ ਸੰਗਤ ਦੀ ਅਰਦਾਸ ਨਿਕਲੇ ਕਿ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚੋਂ ਹੀ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਦਰਸ਼ਨ ਹੋਣ ਤੇ ਜਿਨ੍ਹਾਂ ਦਾ ਮੁੱਖ ਗੁਰੂ

ਵੱਲ ਹੈ, ਉਹ ਛਿੱਟਾ ਸਾਡੇ ਉੱਤੇ ਵੀ ਪਾ ਦੇਣ। ਇਹ ਪ੍ਰਕਰਨ ਚੱਲ ਰਿਹਾ ਹੈ, ਉਸ ਬਖਸ਼ੀ ਰੂਹ ਦਾ ਜਿਨ੍ਹਾਂ ਨੂੰ ਤੁਸੀਂ ਇਸ ਨਾਂ ਨਾਲ ਯਾਦ ਕਰਦੇ ਹੋ:

***ਧੰਨ ਧੰਨ ਭਾਈ ਬਿਧੀ ਚੰਦ ਜੀ।***

ਅੱਜ ਉਸ ਰੰਗੀ ਰੂਹ ਦੇ ਦਰਸ਼ਨ ਕਰਨੇ ਹਨ। ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਇਹ ਪਿਆਰ ਦਿੱਤਾ:

***ਬਿਧੀ ਚੰਦ ਛੀਨਾ, ਗੁਰੂ ਕਾ ਸੀਨਾ।***

ਇਨ੍ਹਾਂ ਦਾ ਜਨਮ ਪਿੰਡ ਸੁਰ ਸਿੰਘ ਵਿਖੇ ਹੋਇਆ। ਸੰਗਤ ਜਾਂਦੀ ਹੈ, ਪਹੁਵਿੰਡ ਸਾਹਿਬ, ਧੰਨ ਧੰਨ ਬਾਬਾ ਦੀਪ ਸਿੰਘ ਜੀ ਦੇ ਆਗਮਨ ਅਸਥਾਨ, ਉੱਥੇ ਸੜਕ ਦੇ ਸੱਜੇ ਹੱਥ ਇਹ ਪਿੰਡ ਮੌਜੂਦ ਹੈ। ਬੜੀ ਬਖਸ਼ੀ ਰੂਹ ਹੋਏ ਹਨ, ਇਹ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਆਪਣੀ ਕਿਤਾਬ ਵਿੱਚ ਲਿਖਿਆ ਹੈ। ਭਾਈ ਬਿਧੀ ਚੰਦ ਜੀ ਦਾ ਕੱਦ ਲੰਮਾ ਸੀ। ਖਾਣ-ਪਾਣ ਖੁੱਲ੍ਹਾ ਸੀ। ਨਾਨਕਾ ਪਿੰਡ, ਸਰਹਾਲੀ। ਨਾਨਕੇ ਪਿੰਡ ਗਏ ਹਨ, ਭਾਈ ਬਿਧੀ ਚੰਦ ਜੀ ਤੇ ਉੱਥੇ ਸੰਗਤ ਹੋਈ ਹੈ, ਇੱਕ ਬਖਸ਼ੀ ਰੂਹ ਭਾਈ ਅਦਲੀ ਜੀ ਦੀ। ਜਿਨ੍ਹਾਂ ਦੀ ਸੰਗਤ ਕਰਕੇ ਔਗੁਣ ਸਾਹਮਣੇ ਆ ਗਏ। ਕਮਜ਼ੋਰੀ ਸਾਹਮਣੇ ਆ ਗਈ, ਇੱਕ ਬਖਸ਼ੀ ਰੂਹ ਦੀ ਸੰਗਤ ਕਰਕੇ। ਮੰਗਿਆ ਕਰੋ, ਅੰਦਰੋਂ:

***ਸੇਈ ਪਿਆਰੇ ਮੇਲ***
***ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ॥***

ਰਾਗੀ ਸੰਤਾ ਸਿੰਘ ਜੀ, ਇੰਨੀ ਗੁਰਬਾਣੀ ਕੰਠ, ਕੀਰਤਨ ਕਰਨ ਲੱਗਣਾ ਤੇ ਇੱਕ ਪੰਕਤੀ ਤੇ ਪ੍ਰਮਾਣ ਦੇਣੇ, ਦੋ-ਦੋ ਘੰਟੇ ਕੀਰਤਨ ਕਰਨਾ। ਅੱਜ ਵੀ ਪੂਰਨਮਾਸ਼ੀ ਤੋਂ ਅਗਲੇ ਦਿਨ ਨਾਨਕਸਰ ਇਸ ਪੰਕਤੀ ਤੇ ਕੀਰਤਨ ਹੁੰਦਾ ਹੈ:

***ਹਉ ਤਿਸੁ ਘੋਲਿ ਘੁਮਾਇਆ ਗੁਰਮਤਿ ਰਿਦੈ ਗਰੀਬੀ ਆਵੈ॥***

***(ਵਾਰ ੧੨, ਪਉੜੀ ੪)***

ਇੱਕ ਪੰਕਤੀ ਤੇ ਦੋ-ਦੋ ਘੰਟੇ ਪ੍ਰਮਾਣ ਦੇਣੇ ਤੇ ਸੰਗਤ ਵਿੱਚ ਬੈਠੀ ਪਟਿਆਲੇ ਦੇ ਰਾਜੇ ਦੀ ਮਾਤਾ, ਉਸਨੂੰ ਕੀਰਤਨ ਸੁਣ ਕੇ ਇਹੋ ਜਿਹਾ ਅਸਰ ਹੋਇਆ, ਜੋੜੇ ਘਰ ਚਲੀ ਗਈ ਤੇ ਗਲ ਦੇ ਦੁਪੱਟੇ ਨਾਲ ਜੋੜੇ ਝਾੜਨ ਲੱਗ ਪਈ। ਸਿੱਖ ਦਾ ਜੀਵਨ ਇਹ ਹੈ। ਸਿੱਖ ਦੀ ਭਾਸ਼ਾ ਇਹ ਹੈ। ਸਿੱਖ ਦਾ ਪਿਆਰ ਇਹ ਹੈ। ਕਿਸੇ ਨੇ ਕਹਿ ਦਿੱਤਾ, ਰਾਗੀ ਸੰਤਾ ਸਿੰਘ ਜੀ, ਅੱਜ ਕੀਰਤਨ ਵਿੱਚ ਇੰਨਾ ਰਸ, ਇੱਕ ਰਾਜੇ ਦੀ ਮਾਤਾ ਜੋੜੇ ਝਾੜਨ ਲੱਗ ਪਈ। ਪਰਦਾ ਪਰ੍ਹੇ ਕਰ ਦਿੱਤਾ। ਆ ਗਈ, ਹਉਮੈ। ਸ਼ਾਮ ਨੂੰ ਕੀਰਤਨ ਤੇ ਬੈਠਣ ਲੱਗੇ, ਬਾਬਾ ਨੰਦ ਸਿੰਘ ਜੀ ਨੇ ਉਠਾ ਦਿੱਤਾ, ਕਹਿਣ ਲੱਗੇ, ਕੋਈ ਹੋਰ ਜੱਥਾ ਹਾਜ਼ਰੀ ਲਗਾ ਲਵੇਗਾ ਪਰ ਤੁਸੀਂ ਹਾਜ਼ਰੀ ਨਹੀਂ ਭਰਨੀ। ਬਾਬਾ ਜੀ ਕੀ ਗੱਲ ਹੋ ਗਈ? ਬਾਬਾ ਨੰਦ ਸਿੰਘ ਜੀ ਕਹਿਣ ਲੱਗੇ, ਰਾਗੀ ਸੰਤਾ ਸਿਆਂ, ਤੇਰੇ ਕੀਰਤਨ ਸੁਣਨ ਨਾਲ ਇੱਕ ਪਟਿਆਲਾ ਦੇ ਰਾਜੇ ਦੀ ਮਾਤਾ ਦੀ ਮੈਂ ਮਰ ਗਈ, ਜੋੜੇ ਝਾੜਨ ਲੱਗ ਪਈ, ਅੰਦਰੋਂ ਸੇਵਾ ਦਾ ਕਿਨਕਾ ਜਾਗ ਪਿਆ ਪਰ ਅਫਸੋਸ, ਕੀਰਤਨ ਕਰਨ ਵਾਲੇ ਦੇ ਆਪਣੇ ਹਉਮੈ ਦੇ ਟਿੱਬੇ ਵੱਧ ਗਏ ਹਨ। ਇਸ ਕਰਕੇ ਲੋੜ ਹੈ:

***ਸੇਈ ਪਿਆਰੇ ਮੇਲ***
***ਜਿਨ੍ਹਾਂ ਮਿਲਿਆਂ ਤੇਰਾ ਨਾਮ ਚਿੱਤ ਆਵੇ॥***

ਸਿਰੋਪੇ ਪਾਉਣ ਵਾਲੇ ਤਾਂ ਬਹੁਤ ਮਿਲ ਜਾਣਗੇ ਪਰ ਇਹ ਘੱਟ ਮਿਲਣਗੇ ਜਿਹੜੇ ਅੰਦਰ ਦੀ ਮੈਂ ਨੂੰ ਮਾਰ ਦੇਣ, ਹਉਮੈ ਨੂੰ ਮਾਰ ਦੇਣ।

ਹੁਣ ਉੱਥੇ ਆ ਜਾਓ ਜਿਹੜੀ ਗੱਲ ਚੱਲ ਰਹੀ ਸੀ, ਭਾਈ ਬਿਧੀ ਚੰਦ ਜੀ ਦੀ। ਨਾਨਕਾ ਪਿੰਡ ਸਰਹਾਲੀ। ਸੰਗਤ ਹੋਈ ਭਾਈ ਅਦਲੀ ਜੀ ਦੀ। ਔਗੁਣ ਸਾਹਮਣੇ ਆ ਗਏ। ਇਹ ਬੜੀ ਵੱਡੀ ਗੱਲ ਹੈ। ਇਸ ਦੀ ਅਤਿ ਲੋੜ ਹੈ। ਨਹੀਂ ਤਾਂ ਜ਼ਿੰਦਗੀ ਮੈਂ ਵਿੱਚ ਹੀ ਵਿਚਰਦਿਆਂ ਲੰਘ ਜਾਂਦੀ ਹੈ। ਜਦੋਂ

ਔਗੁਣ ਸਾਹਮਣੇ ਆ ਗਏ ਤੇ ਭਾਈ ਬਿਧੀ ਚੰਦ ਜੀ ਦੇ ਹੱਥ ਜੁੜ ਗਏ ਤੇ ਭਾਈ ਅਦਲੀ ਜੀ ਨੂੰ ਕਹਿੰਦੇ ਹਨ, ਮੈਨੂੰ ਆਪਣਾ ਸਿੱਖ ਬਣਾ ਲਓ। ਅੱਜ ਦਾ ਕੋਈ ਨਕਲੀ ਹੁੰਦਾ ਤਾਂ ਬਣਾ ਲੈਣਾ ਸੀ ਪਰ ਐਸੇ ਸੰਤਾਂ ਦੀ ਲੋੜ ਹੈ, ਐਸੇ ਭਗਤਾਂ ਦੀ ਲੋੜ ਹੈ, ਐਸੇ ਬਖਸ਼ਿਆਂ ਦੀ ਲੋੜ ਹੈ। ਭਾਈ ਅਦਲੀ ਜੀ ਕਹਿੰਦੇ, ਮੇਰਾ ਸਿੱਖ ਨਾ ਬਣ। ਜੇ ਮਨ ਆ ਗਿਆ ਹੈ, ਸਿੱਖ ਬਣਨ ਦਾ ਤੇ ਉਸ ਗੁਰੂ ਦਾ ਸਿੱਖ ਬਣ, ਜਿਸ ਗੁਰੂ ਦਾ ਸਿੱਖ ਮੈਂ ਬਣਿਆ ਹਾਂ, ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ। ਇਸ ਬਾਰੇ ਸਾਰੀ ਸੰਗਤ ਨੇ ਸੁਚੇਤ ਰਹਿਣਾ ਹੈ।

ਬਾਬਾ ਈਸ਼ਰ ਸਿੰਘ ਜੀ ਦੇ ਹਰ ਦੀਵਾਨ ਤੋਂ ਬਾਅਦ ਇਹ ਬਚਨ ਕਿਹਾ ਜਾਂਦਾ ਸੀ ਕਿ ਭਾਈ ਜਿਹੜਾ ਆਪਣੇ ਨਾਲ ਜੋੜੇ ਉਸ ਤੋਂ ਕਿਨਾਰਾ ਕਰਨਾ ਹੈ। ਜਿਹੜਾ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜੇ, ਉਸ ਦੀ ਸੰਗਤ ਕਰਨੀ। ਫਿਰ ਇੱਥੋਂ ਤੱਕ ਕਹਿੰਦੇ ਸੀ, ਬਾਬਾ ਈਸ਼ਰ ਸਿੰਘ ਜੀ ਕਲੇਰਾਂ ਵਾਲੇ, ਜਿਹੜਾ ਆਪਣੇ ਨਾਲ ਜੋੜੇ, ਉਸ ਦੀ ਸੰਗਤ ਕਰਕੇ ਘਾਟਾ ਹੀ ਘਾਟਾ ਹੈ। ਜਿਹੜਾ ਗੁਰੂ ਸਾਹਿਬ ਨਾਲ ਜੋੜੇ, ਉਸ ਦੀ ਸੰਗਤ ਕਰੋ। ਭਾਈ ਅਦਲੀ ਜੀ ਕਹਿੰਦੇ, ਸਿੱਖ ਬਣਨਾ ਹੈ ਤੇ ਉਨ੍ਹਾਂ ਦਾ ਸਿੱਖ ਬਣ ਜਿਨ੍ਹਾਂ ਦੇ ਚਰਨਾਂ ਨਾਲ ਜੁੜਿਆਂ ਹਲਤਿ ਪਲਤਿ ਸਵਰ ਜਾਂਦਾ ਹੈ, ਉਹ ਹਨ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ। ਭਾਈ ਅਦਲੀ ਜੀ, ਭਾਈ ਬਿਧੀ ਚੰਦ ਜੀ ਨੂੰ ਲੈ ਕੇ ਆਏ, ਸ੍ਰੀ ਅੰਮ੍ਰਿਤਸਰ ਸਾਹਿਬ। ਕਿਹੋ ਜਿਹੇ ਸੀਨ ਹੋਣਗੇ, ਇਹ ਆਪਣੇ ਅੰਦਰ ਬਣਾਓ। ਇਸ ਦੀ ਅਤਿ ਲੋੜ ਹੈ। ਜਿਸ ਤਰ੍ਹਾਂ ਦਾ ਇਹ ਸਮਾਂ ਇਸ ਵੇਲੇ ਚੱਲ ਰਿਹਾ ਹੈ, ਇਹੋ ਜਿਹੀਆਂ ਰੀਲਾਂ, ਫਿਲਮਾਂ ਹੀ ਵੇਖੋ ਜਿਨ੍ਹਾਂ ਦੇ ਵੇਖਣ ਨਾਲ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਹੋ ਜਾਣ। ਹੁਣ ਤਾਂ ਸਮਾਂ ਇਹੋ ਜਿਹਾ ਆ ਗਿਆ ਹੈ, ਫੈਸ਼ਨ ਪੱਖੋਂ, ਵਾਸ਼ਨਾਵਾਂ ਪੱਖੋਂ, ਇਹੋ ਜਿਹਾ ਹਾਲ ਹੋ ਗਿਆ ਹੈ, ਹੁਣ ਤਾਂ ਸਿੱਖ ਨੂੰ ਆਪਣੀਆਂ ਅੱਖਾਂ ਨੀਵੀਆਂ ਕਰਨ ਨਾਲ ਹੀ ਬਚਾਅ ਹੋ ਸਕਦਾ ਹੈ। ਫੈਸ਼ਨਾਂ ਦੀ ਹੱਦ, ਵਿਕਾਰਾਂ ਦੀ ਹੱਦ ਹੋ ਚੁੱਕੀ ਹੈ। ਇਹ ਟੀ.ਵੀ. ਦੇ ਚੈਨਲਾਂ ਤੋਂ ਵੀ ਹੋ ਸਕਦੀ ਹੈ, ਬਜ਼ਾਰ ਵਿੱਚ ਵੀ ਹੋ ਸਕਦੀ ਹੈ। ਇਸ ਲਈ ਕੋਸ਼ਿਸ਼ ਹੋਵੇ, ਟੀ.ਵੀ. ਤੇ ਮੋਬਾਇਲ ਤੇ ਧਾਰਮਿਕ ਪ੍ਰੋਗਰਾਮ ਹੀ ਚੱਲਣ ਤਾਂ ਜੋ ਦੂਜੇ ਪਾਸੇ ਧਿਆਨ ਹੀ ਨਾ ਜਾਵੇ, ਉਹ ਬਚਿਆ ਰਹੇਗਾ। ਬਣਾਓ ਅੱਖਾਂ ਅੱਗੇ ਸੀਨ, ਭਾਈ ਅਦਲੀ ਜੀ, ਭਾਈ ਬਿਧੀ ਚੰਦ ਜੀ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਲੈ ਕੇ ਆਏ। ਜਦੋਂ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਦਰਸ਼ਨ ਹੋਏ ਤੇ ਭਾਈ ਬਿਧੀ ਚੰਦ ਜੀ ਹੱਥ ਜੋੜ ਕੇ ਕਹਿੰਦੇ ਹਨ, ਸਤਿਗੁਰੂ ਜੀ ਕਿਰਪਾ ਕਰੋ, ਮੈਨੂੰ ਆਪਣਾ ਸਿੱਖ ਬਣਾ ਲਓ ਤੇ ਪੰਜਵੇਂ ਪਾਤਸ਼ਾਹ ਜੀ ਦਾ ਬਚਨ ਲਿਖਿਆ ਹੈ, ਪ੍ਰਿੰਸੀਪਲ ਸਤਿਬੀਰ ਸਿੰਘ ਜੀ ਤੇ ਇਕਬਾਲ ਸਿੰਘ ਜੀ ਰਾਈਟਰਾਂ ਨੇ। ਉਨ੍ਹਾਂ ਨੇ ਲਿਖਿਆ ਹੈ, ਪੰਜਵੇਂ ਪਾਤਸ਼ਾਹ ਜੀ ਨੇ ਪਹਿਲਾ ਬਚਨ ਕੀਤਾ, ਬਿਧੀ ਚੰਦ ਜੀ, ਆਪਣਾ ਸਰੂਪ ਪਛਾਣੋ। ਅੱਗੋਂ ਉਹ ਕਹਿੰਦੇ, ਸਤਿਗੁਰੂ ਜੀ ਕਿਵੇਂ ਪਛਾਣਾਂ? ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੀ ਉੱਚੀ ਗੱਲ ਕਹੀ, ਬਚਨ ਕੀਤਾ, ਸਰੀਰ ਨੂੰ ਸਰੀਰ ਨਾ ਸਮਝਿਓ, ਸਰੀਰ ਨੂੰ ਬਸਤਰ ਸਮਝਿਓ। ਬਹੁਤ ਧਿਆਨ ਦੇਣਾ। ਤੁਸੀਂ ਸਰੀਰ ਨਹੀਂ ਹੋ। ਪੰਜਵੇਂ ਪਾਤਸ਼ਾਹ ਜੀ ਕਹਿੰਦੇ, ਸਰੀਰ ਇੱਥੇ ਰਹਿ ਜਾਣਾ ਹੈ। ਆਤਮਾ ਨੂੰ ਸਰੀਰ ਦਾ ਵਸਤਰ ਪਾਇਆ ਹੈ, ਸਰੂਪ ਨੂੰ ਪਛਾਣੋ। ਸਰੀਰ ਤੁਹਾਡਾ ਵਸਤਰ ਹੈ, ਸਰੂਪ ਨੂੰ ਪਛਾਣੋ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਚਰਨ ਪਾਹੁਲ ਦੇ ਕੇ ਸਿੱਖੀ ਦਿੱਤੀ। ਜਿਹੜੇ ਸਤਿਗੁਰੂ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਪੰਜ ਬਚਨ ਦਿੱਤੇ, ਉਹ ਧਿਆਨ ਨਾਲ

ਸੁਣਨਾ। ਸਤਿਗੁਰੂ ਜੀ ਨੇ ਪਹਿਲਾ ਬਚਨ ਦਿੱਤਾ, ਦੋਵੇਂ ਵੇਲੇ ਨੇਮ ਨਾਲ ਕਥਾ-ਕੀਰਤਨ ਨਹੀਂ ਛੱਡਣਾ। ਇਹ ਸੁਣਦਿਆਂ-ਸੁਣਦਿਆਂ ਆਪਣੇ ਸਰੂਪ ਦੀ ਪਛਾਣ ਆਪੇ ਹੀ ਹੋਈ ਜਾਵੇਗੀ।

***ਕਉਨੁ ਮੂਆ ਰੇ ਕਉਨੁ ਮੂਆ ॥***
***ਬ੍ਰਹਮ ਗਿਆਨੀ ਮਿਲਿ ਕਰਹੁ ਬੀਚਾਰਾ***
***ਇਹੁ ਤਉ ਚਲਤੁ ਭਇਆ ॥੧॥ ਰਹਾਉ ॥***
*(ਅੰਗ ੮੮੫)*

ਮਿੱਟੀ ਮਿੱਟੀ ਨਾਲ ਮਿਲ ਗਈ। ਬਾਬਾ ਅਟੱਲ ਰਾਇ ਸਾਹਿਬ ਜੀ ਨੇ ਵੀ ਜਦੋਂ ਸਤਿਗੁਰੂ ਜੀ ਦੇ ਹੁਕਮ ਵਿੱਚ ਚੋਲਾ ਤਿਆਗਿਆ, ਭਾਈ ਸਾਂਈਂ ਦਾਸ ਜੀ ਨੇ ਬਹੁਤ ਵੈਰਾਗ ਕੀਤਾ, ਭਾਈ ਸਾਂਈਂ ਦਾਸ ਜੀ ਰਿਸ਼ਤੇ ਵਿੱਚ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਸਾਂਢੂ ਸਨ। ਕਹਿਣ ਲੱਗੇ, ਸਤਿਗੁਰੂ ਜੀ ! ਆਪ ਜੀ ਸੰਗਤ ਨੂੰ ਭੁਗਤਾ ਰਹੇ ਹੋ। ਆਪ ਜੀ ਦੇ ਸਪੁੱਤਰ ਬਾਬਾ ਅਟੱਲ ਰਾਏ ਜੀ ਨੇ ਚੋਲਾ ਛੱਡ ਦਿੱਤਾ ਹੈ।

ਦਾਸ ਨੂੰ ਇੱਕ ਚਿੱਠੀ ਆਈ, ਕਿਸੇ ਜੁੜੀ ਹੋਈ ਬੀਬੀ ਦੀ। ਉਹ ਕਹਿਣ ਲੱਗੀ, ਕੀਰਤਨ ਵਿੱਚ ਇਹ ਜ਼ਰੂਰ ਬੋਲਣਾ ਜਿਸ ਨੂੰ ਵੀ ਰਾਸ਼ੀਆਂ ਦਾ ਗ੍ਰਹਿਾਂ ਦਾ ਡਰ ਹੋਵੇ, ਬਾਬਾ ਅਟੱਲ ਰਾਏ ਜੀ ਦੇ ਚਰਨਾਂ ਵਿੱਚ ਅਰਦਾਸ ਕਰ ਆਵੇ, ਸਾਰੇ ਗ੍ਰਹਿ ਨੌਂ ਦੇ ਨੌਂ ਉਨ੍ਹਾਂ ਦੇ ਚਰਨਾਂ ਵਿੱਚ ਹੀ ਚਲੇ ਜਾਣਗੇ। ਨੌਂ ਦੀਆਂ ਨੌਂ ਮੰਜ਼ਿਲਾਂ ਤੇ ਨੌਂ ਗ੍ਰਹਿ ਉਨ੍ਹਾਂ ਦੇ ਚਰਨਾਂ ਵਿੱਚ ਹੀ ਹਨ। ਕੋਈ ਕਿਸੇ ਤਰ੍ਹਾਂ ਦਾ ਭੈਅ ਨਹੀਂ ਲੱਗੇਗਾ।

ਤੁਹਾਡੇ ਕੋਲ ਅਮੀਰੀ ਹੈ। ਹਰ ਪਾਸਿਓ ਸ਼ਾਹੂਕਾਰੀ ਹੈ। ਗੁਰਦੁਆਰਾ ਪੰਜੋਖਰਾ ਸਾਹਿਬ, ਬਾਲਾ ਪ੍ਰੀਤਮ ਜੀ ਨੇ ਛੜੀ ਲਗਾਈ, ਅੱਜ ਵੀ ਉਹ ਕ੍ਰਿਪਾ ਵਰਤ ਰਹੀਆਂ ਹਨ। ਅੱਜ ਵੀ ਉਹ ਬਖਸ਼ਿਸ਼ਾਂ ਵਰਤ ਰਹੀਆਂ ਹਨ। ਗੁਰਦੁਆਰਾ ਸ੍ਰੀ ਬਿਬੇਕਸਰ ਸਾਹਿਬ, ਦਾਸ ਗੁਰੂ ਸਾਹਿਬ ਜੀ ਦੀ ਕਿਰਪਾ ਨਾਲ ਕਹਿ ਰਿਹਾ ਹੈ ਕਿਸੇ ਦਾ ਬੱਚਾ ਨਸ਼ਾ ਕਰਦਾ ਹੈ, ਨਹੀਂ ਹੱਟ ਰਿਹਾ ਹੈ, ਲਿਆਓ ਜਲ ਗੁ: ਬਿਬੇਕਸਰ ਸਾਹਿਬ ਤੋਂ, ਕਰੋ ਪੰਜ ਪਾਠ ਜਪੁਜੀ ਸਾਹਿਬ ਦੇ ਰੋਜ਼, ਪਿਲਾਓ ਜਲ ਪਰ ਇੰਨੀ ਸ਼ਰਧਾ ਨਾਲ ਕਰਨਾ ਕਿ ਜਪੁਜੀ ਸਾਹਿਬ ਸ਼ੁਰੂ ਕਰਨ ਵੇਲੇ ਭਾਵਨਾ ਇਹ ਬਣ ਜਾਵੇ ਕਿ ਮੈਂ ੧ਓ ਸ਼ੁਰੂ ਕਰਨਾ ਤੇ ਉਧਰੋਂ ਛੇਵੇਂ ਪਾਤਸ਼ਾਹ ਜੀ ਨੇ ਮੇਰੇ ਬੱਚੇ ਦੇ ਆਲੇ-ਦੁਆਲੇ ਸ਼ਹੀਦ ਸਿੰਘਾਂ ਦੀਆਂ ਡਿਊਟੀਆਂ ਲਾ ਦੇਣੀਆਂ ਹਨ। ਸਿਦਕ ਨਾਲ ਬਾਣੀ ਪੜ੍ਹਨਾ, ਦ੍ਰਿੜ੍ਹਤਾ ਨਾਲ ਬਾਣੀ ਪੜ੍ਹਨਾ। ਛੇਵੇਂ ਪਾਤਸ਼ਾਹ ਜੀ ਦੇ ਬਚਨ ਹਨ, ਜਿਸ ਦੀ ਧਰਤੀ ਤੇ ਬੁੱਧੀ ਮਲੀਨ ਹੋ ਜਾਵੇ, ਇੱਥੋਂ ਦਾ ਅੰਮ੍ਰਿਤ ਤੇ ਜਪੁਜੀ ਸਾਹਿਬ ਦਾ ਸਹਾਰਾ ਲਵੇਗਾ, ਉਸ ਦੀ ਮਲੀਨ ਬੁੱਧੀ ਵੀ ਠੀਕ ਹੋ ਜਾਵੇਗੀ, ਬਿਬੇਕ ਬਣ ਜਾਵੇਗੀ। ਹਰ ਪਾਸਿਓਂ ਤੁਸੀਂ ਅਮੀਰ ਹੋ। ਹਰ ਪੱਖ ਤੋਂ ਤੁਸੀਂ ਅਮੀਰ ਹੋ। ਚਮੜੀ ਦਾ ਕੋਈ ਰੋਗ ਹੋ ਜਾਵੇ, ਸਰੀਰ ਦੀ ਚਮੜੀ ਦਾ ਰੋਗ ਹੋ ਜਾਵੇ। ਗੁਰੂ ਸਾਹਿਬ ਤਰਸ ਕਰਨ, ਇਹ ਰੋਗ ਕਿਸੇ ਨੂੰ ਨਾ ਹੋਵੇ, ਬੜਾ ਔਖਾ ਕੰਮ ਹੈ। ਸਰੀਰ ਦੀ ਚਮੜੀ ਦਾ ਰੋਗ ਹੋ ਜਾਵੇ ਤੇ ਸ੍ਰੀ ਤਰਨ ਤਾਰਨ ਸਾਹਿਬ ਬਾਰੇ ਪੰਜਵੇਂ ਪਾਤਸ਼ਾਹ ਜੀ ਦਾ ਬਚਨ ਹੈ। ਕਿਸੇ ਨੂੰ ਸਰੀਰ ਤੇ ਚਮੜੀ ਦੇ ਰੋਗ ਤੇ ਸ੍ਰੀ ਤਰਨ ਤਾਰਨ ਸਾਹਿਬ

**ਗੁਰਦੁਆਰਾ ਸ੍ਰੀ ਬਿਬੇਕਸਰ ਸਾਹਿਬ ਬਾਰੇ ਛੇਵੇਂ ਪਾਤਸ਼ਾਹ ਜੀ ਦੇ ਬਚਨ ਹਨ, ਜਿਸ ਦੀ ਧਰਤੀ ਤੇ ਬੁੱਧੀ ਮਲੀਨ ਹੋ ਜਾਵੇ, ਇੱਥੋਂ ਦਾ ਅੰਮ੍ਰਿਤ ਤੇ ਜਪੁਜੀ ਸਾਹਿਬ ਦਾ ਸਹਾਰਾ ਲਵੇਗਾ, ਉਸ ਦੀ ਮਲੀਨ ਬੁੱਧੀ ਵੀ ਠੀਕ ਹੋ ਜਾਵੇਗੀ, ਬਿਬੇਕ ਬਣ ਜਾਵੇਗੀ।**

ਸਰੋਵਰ ਵਿੱਚ ਸ਼ਰਧਾ ਨਾਲ ਇਸ਼ਨਾਨ ਕਰੇ ਤੇ ਨਾਲ ਸ੍ਰੀ ਸੁਖਮਨੀ ਸਾਹਿਬ ਦਾ ਵਿਧੀ ਨਾਲ ਨੇਮ ਕਰੇ। ਪੰਜ ਮਹੀਨੇ (ਮਹੀਨੇ ਵਿੱਚ ਇੱਕ ਵਾਰੀ ਜਾਣਾ) ਹਾਜ਼ਰੀਆਂ ਲਗਾਵੇ ਗੁਰੂ ਸਾਹਿਬ ਅੱਜ ਵੀ ਕਿਰਪਾ ਕਰਦੇ ਹਨ। ਦਾਸ ਨੇ ਅੱਖੀਂ ਵੇਖਿਆ ਹੈ। ਕਿਸੇ ਗ੍ਰੰਥੀ ਸਿੰਘ ਦੀ ਜ਼ੁਬਾਨ ਤੇ ਮੌਕਾ ਸੀ। ਸਹਾਰਾ ਲਿਆ ਸ੍ਰੀ ਤਰਨ ਤਾਰਨ ਸਾਹਿਬ ਦਾ। ਡਾਕਟਰ ਨੇ ਜਵਾਬ ਦੇ ਦਿੱਤਾ ਸੀ। ਜ਼ਬਾਨ ਤੋਂ ਮੌਕਾ ਕੱਟਣਾ ਕਿਹੜਾ ਸੌਖਾ ਹੈ। ਕਿੱਥੋਂ ਖਾਵੇ, ਕਿੱਥੋਂ ਪੀਵੇ। ਦਾਸ ਕੋਲੋਂ ਐਡਰੈੱਸ ਲੈ ਸਕਦੇ ਹੋ, ਗ੍ਰੰਥੀ ਸਿੰਘ ਦਾ। ਚਮੜੀ ਦਾ ਕੋਈ ਰੋਗ ਹੋਵੇ, ਸ੍ਰੀ ਤਰਨ ਤਾਰਨ ਸਾਹਿਬ ਵਿਧੀ ਲਾਲ ਹਾਜ਼ਰੀ ਲਗਾਓ, ਗੁਰੂ ਸਾਹਿਬ ਕਿਰਪਾ ਕਰਨਗੇ। ਭਰੇ ਪਏ ਹਨ, ਭੰਡਾਰੇ ਗੁਰੂ ਘਰ ਦੇ। ਬਸ ਸ਼ਰਧਾ ਦੀ ਲੋੜ ਹੈ।

ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਪਹਿਲਾ ਉਪਦੇਸ਼ ਭਾਈ ਬਿਧੀ ਚੰਦ ਜੀ ਨੂੰ ਦੇ ਰਹੇ ਹਨ, ਕਥਾ-ਕੀਰਤਨ ਨੇਮ ਤੇ ਪ੍ਰੇਮ ਨਾਲ ਸੁਣਨਾ ਹੈ, ਇਸ ਵਿੱਚੋਂ ਹੀ ਸਰੂਪ ਦੀ ਪਛਾਣ ਹੋ ਜਾਵੇਗੀ, ਸ਼ਰਧਾ ਵੱਧ ਜਾਵੇਗੀ। ਇਸ ਸਤਿਸੰਗ ਵਿੱਚੋਂ ਅਗਲੀਆਂ ਮੰਜ਼ਿਲਾਂ ਮਿਲ ਜਾਣਗੀਆਂ, ਅਗਲੇ ਰਾਹ ਮਿਲ ਜਾਣਗੇ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਦੂਜਾ ਬਚਨ, ਭਾਈ ਬਿਧੀ ਚੰਦ ਜੀ ਨੂੰ ਦਿੱਤਾ, ਆਪ ਗੁਰਬਾਣੀ ਪੜ੍ਹਨੀ ਹੈ, ਸੁਣਨੀ ਹੈ। ਤੀਜਾ ਬਚਨ ਦਿੱਤਾ, ਹਰ ਵੇਲੇ ਪ੍ਰਭੂ ਨੂੰ ਹਿਰਦੇ ਵਿੱਚ ਸੰਭਾਲ ਕੇ ਰੱਖਣਾ ਹੈ। ਸੰਗਤ ਜੀ ਆਪ ਜੀ ਵੀ ਕੋਸ਼ਿਸ਼ ਕਰਿਆ ਕਰੋ ਜਦੋਂ ਦੀਵਾਨ ਦੀ ਸਮਾਪਤੀ ਹੋਣੀ ਹੈ, ਘਰ ਜਾਣਾ ਹੈ, ਤੁਰਦਿਆਂ ਹੀ ਘੜੀ ਵੇਖ ਲਿਆ ਕਰੋ। 45 ਮਿੰਟ ਲੱਗਣੇ ਹਨ, ਰਾਹ ਵਿੱਚ, 30 ਮਿੰਟ ਲੱਗਣੇ ਹਨ, ਮੈਂ ਹਿਰਦੇ ਵਿੱਚ ਉਸ ਪ੍ਰਭੂ ਨੂੰ 30 ਮਿੰਟ ਸੰਭਾਲ ਕੇ ਰੱਖਣਾ ਹੈ। ਇਹ ਵਿੱਥਾਂ ਭਰਨੀਆਂ ਹਨ। ਫਿਰ ਵੇਖੋ, ਕਿੱਥੇ ਜ਼ਿੰਦਗੀ ਪਹੁੰਚਦੀ ਹੈ, ਕਿਵੇਂ ਮੰਜ਼ਿਲ ਮਿਲਦੀ ਹੈ। ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਚੌਥਾ ਬਚਨ ਕੀਤਾ, ਗਰੀਬ ਅਤੇ ਭੋਜਨ ਤੋਂ ਆਤਰ ਦੀ ਮਦਦ ਕਰਨੀ ਹੈ। ਇਹ ਸਾਡਾ ਵਿਰਸਾ ਹੈ।

**ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ**
**ਪੰਜ ਉਪਦੇਸ਼ ਦਿੱਤੇ ਭਾਈ ਬਿਧੀ ਚੰਦ ਜੀ ਨੂੰ**

1. **ਕਥਾ-ਕੀਰਤਨ ਨੇਮ ਤੇ ਪ੍ਰੇਮ ਨਾਲ ਸੁਣਨਾ ਹੈ।**
2. **ਆਪ ਗੁਰਬਾਣੀ ਪੜ੍ਹਨੀ ਹੈ, ਸੁਣਨੀ ਹੈ।**
3. **ਹਰ ਵੇਲੇ ਪ੍ਰਭੂ ਨੂੰ ਹਿਰਦੇ ਵਿੱਚ ਸੰਭਾਲ ਕੇ ਰੱਖਣਾ ਹੈ।**
4. **ਗਰੀਬ ਅਤੇ ਭੋਜਨ ਤੋਂ ਆਤਰ ਦੀ ਮਦਦ ਕਰਨੀ ਹੈ।**
5. **ਹਰ ਮਾਰਗ ਤੇ ਚੱਲਣ ਤੋਂ ਪਹਿਲਾਂ ਇਹ ਵੇਖ ਕੇ ਚੱਲਣਾ ਹੈ ਕਿ ਇਸ ਵਿੱਚ ਗੁਰਮਤਿ ਹੈ? ਜੇ ਉਸ ਵਿੱਚ ਗੁਰਮਤਿ ਨਹੀਂ ਹੈ ਤਾਂ ਨਹੀਂ ਚੱਲਣਾ।**

***ਸਭੁ ਦਾਨਨ ਤੇ ਉਤਮ ਦਾਨੁ ॥***
***ਜਿਸੁ ਕੇ ਦੀਏ ਬਚਤੁ ਹੈ ਪ੍ਰਾਨ ॥***

ਇਹ ਕੋਈ ਧਾਰਨਾ ਨਹੀਂ, ਸ੍ਰੀ ਸੂਰਜ ਪ੍ਰਕਾਸ਼ ਗ੍ਰੰਥ ਦੀਆਂ ਪੰਕਤੀਆਂ ਹਨ। ਵਿੱਚ ਬਚਨ ਆ ਗਿਆ ਹੈ, ਗਰੀਬ ਤੇ ਭੋਜਨ ਤੋਂ ਆਤਰ ਦੀ ਮਦਦ ਕਰਨੀ ਹੈ।

ਸਾਰਿਆਂ ਦਾਨਾਂ ਤੋਂ ਉੱਤਮ ਦਾਨ ਹੈ, ਜੇ ਤੇਰੇ ਕਰਨ ਨਾਲ ਕਿਸੇ ਦੇ ਪ੍ਰਾਣ ਬਚ ਜਾਣ। ਸਾਰੀ ਸੰਗਤ ਇੱਥੋਂ ਅੰਦਾਜ਼ਾ ਲਗਾ ਲੈਣਾ ਤੁਸੀਂ ਕਿੰਨੇ ਭਾਗਾਂ ਵਾਲੇ ਹੋ, ਗੁਰੂ ਸਾਹਿਬ ਨੇ ਆਪ ਜੀ ਨੂੰ ਉਹ ਸੜਕ ਦੇ ਦਿੱਤੀ ਹੈ, ਜਿਸ ਬੀਬੀ ਦਾ ਪਤੀ ਚੜ੍ਹਾਈ

ਕਰ ਜਾਂਦਾ ਹੈ, ਬੱਚੇ ਛੋਟੇ ਹਨ ਤੇ ਜਿਹੜਾ ਤੁਸੀਂ ਦਸਵੰਧ ਰਾਹੀਂ ਹਾਜ਼ਰੀ ਲਗਾਉਂਦੇ ਹੋ, ਇਹ ਅੰਨ ਬਣ ਕੇ ਉਨ੍ਹਾਂ ਬੱਚਿਆਂ ਦੇ ਮੁੱਖ ਵਿੱਚ ਪਹੁੰਚਦਾ ਹੈ। ਬਾਕੀ ਬੋਲਣ ਲੱਗਿਆਂ ਡਰ ਵੀ ਲੱਗਦਾ ਹੈ, ਕਿਤੇ ਅਸਮਾਨ ਤੇ ਨਾ ਚੜ੍ਹ ਜਾਈਏ। ਬੀਬੀ ਕੌਲਾਂ ਜੀ ਭਲਾਈ ਕੇਂਦਰ ਤੋਂ ਇੰਨੀਆਂ ਬੀਬੀਆਂ ਰਾਸ਼ਨ ਲੈਂਦੀਆਂ ਹਨ। ਇਹ ਵੀ ਡਰ ਰਹਿੰਦਾ ਹੈ ਕਿ ਕਿਤੇ ਹਉਮੈ ਨਾ ਆ ਜਾਵੇ।

ਸੰਗਤ ਜੀ ਇਹ ਪੜ੍ਹਾਈ ਕਰਨੀ ਹੈ, ਜਿਹੜੀ ਪੜ੍ਹਾਈ ਤੁਹਾਨੂੰ ਬਾਬਾ ਨੰਦ ਸਿੰਘ ਜੀ ਨੇ ਸਿਖਾਈ ਹੈ। ਤਿੰਨ ਦਿਨ ਦਾ ਕੋਈ ਭੁੱਖਾ ਆ ਗਿਆ ਤੇ ਭੁੱਖ ਉਸ ਨੂੰ ਵੀ ਲੱਗੀ ਹੈ ਜਿਸ ਕੋਲ ਪੰਜ ਪਰਸ਼ਾਦੇ ਹਨ। ਤਿੰਨ ਦਿਨ ਦਾ ਕੋਈ ਭੁੱਖਾ ਆ ਗਿਆ ਤੇ ਉਸ ਨੇ ਤਿੰਨ ਦਿਨ ਦੇ ਭੁੱਖੇ ਨੂੰ ਇੱਕ ਪਰਸ਼ਾਦਾ ਛਕਾਇਆ ਤੇ ਹੱਥ ਇੰਝ ਫੜਿਆ, ਦੂਜਾ ਪਰਸ਼ਾਦਾ ਅੱਗੇ ਕੀਤਾ, ਉਸ ਨੇ ਉਹ ਵੀ ਲੈ ਲਿਆ, ਤੀਜਾ ਪਰਸ਼ਾਦਾ ਅੱਗੇ ਕੀਤਾ, ਉਸ ਨੇ ਉਹ ਵੀ ਲੈ ਲਿਆ। ਚੌਥਾ ਪਰਸ਼ਾਦਾ ਅੱਗੇ ਕੀਤਾ, ਉਸ ਨੇ ਉਹ ਵੀ ਲੈ ਲਿਆ। ਫਿਰ ਜਦੋਂ ਪੰਜਵਾਂ ਪਰਸ਼ਾਦਾ ਅੱਗੇ ਕੀਤਾ ਤੇ ਤਿੰਨ ਦਿਨ ਦਾ ਭੁੱਖਾ ਕਹਿਣ ਲੱਗਾ ਕਿ ਮੈਂ ਤ੍ਰਿਪਤ ਹੋ ਗਿਆ ਹਾਂ, ਮੈਂ ਰੱਜ ਗਿਆ ਹਾਂ। ਹੁਣ ਜਿਸ ਨੇ ਪਰਸ਼ਾਦੇ ਛਕਾਏ ਹਨ, ਪੰਜ ਪਰਸ਼ਾਦੇ ਆਪਣੇ ਲਈ ਲਿਆਇਆ ਸੀ ਤੇ ਉਸ ਵਿੱਚੋਂ ਇੱਕ ਰਹਿ ਗਿਆ ਤੇ ਜਿਸ ਨੇ ਚਾਰ ਪਰਸ਼ਾਦੇ ਛਕੇ ਹਨ ਉਸਨੂੰ ਮੱਥਾ ਟੇਕਦਾ ਹੈ। ਇਹ ਪੜ੍ਹਾਈ ਸਮਝਿਓ, ਬਾਬਾ ਜੀ ਦਲੀਲ ਦਿੰਦੇ ਹਨ। ਹੁਣ ਪਰਸ਼ਾਦਾ ਛਕਾਉਣ ਵਾਲੇ ਨੇ ਪਰਸ਼ਾਦਾ ਛਕਣ ਵਾਲੇ ਨੂੰ ਮੱਥਾ ਟੇਕਿਆ ਹੈ। ਅੱਗੋਂ ਪਰਸ਼ਾਦਾ ਛਕਣ ਵਾਲਾ ਕਹਿੰਦਾ ਹੈ, ਮੈਂ ਤੈਨੂੰ ਮੱਥਾ ਟੇਕਾਂ। ਮੈਂ ਤਿੰਨ ਦਿਨ ਦਾ ਭੁੱਖਾ ਸੀ, ਪ੍ਰਾਣ ਨਿਕਲ ਰਹੇ ਸੀ ਤੇ ਤੂੰ ਮੈਨੂੰ ਪਰਸ਼ਾਦਾ ਛਕਾ ਕੇ ਮੇਰੇ ਪ੍ਰਾਣ ਬਚਾਏਂ ਹਨ ਤੇ ਤੂੰ ਮੈਨੂੰ ਮੱਥਾ ਟੇਕ ਰਿਹਾ ਹੈਂ। ਪਰਸ਼ਾਦਾ ਛਕਾਉਣ ਵਾਲਾ ਕਹਿੰਦਾ ਹੈ, ਮੈਂ ਤੈਨੂੰ ਤਾਂ ਮੱਥਾ ਟੇਕ ਰਿਹਾ ਹਾਂ, ਜਿਹੜਾ ਪਰਸ਼ਾਦਾ ਛਕਾ ਕੇ ਅਨੰਦ ਮਿਲਿਆ ਹੈ, ਤੇਰੀ ਭੁੱਖ ਮਿਟੀ ਹੈ, ਉਸ ਦੇ ਨਾਲ ਮੈਨੂੰ ਬੜੀ ਸ਼ਾਂਤੀ ਮਿਲੀ ਹੈ, ਮੈਨੂੰ ਬੜਾ ਸੁੱਖ ਮਿਲਿਆ ਹੈ ਕਿ ਮੇਰੇ ਕੋਲੋਂ ਸਤਿਗੁਰੂ ਜੀ ਨੇ ਸੇਵਾ ਲੈ ਲਈ ਹੈ। ਮੈਂ ਤੈਨੂੰ ਤਾਂ ਮੱਥਾ ਟੇਕ ਰਿਹਾ ਹਾਂ। ਮੇਰੇ ਅੰਦਰ ਤੇਰੇ ਪਰਸ਼ਾਦਾ ਛਕਣ ਨਾਲ ਅਨੰਦ ਆਇਆ ਹੈ, ਸ਼ਾਂਤੀ ਆਈ ਹੈ।

ਬਾਬਾ ਨੰਦ ਸਿੰਘ ਜੀ ਕਹਿੰਦੇ ਸਨ, ਇਹ ਸਿੱਖੀ ਕਮਾਉਣੀ ਹੈ। ਛਕਾਉਣ ਵਾਲਾ ਜੇ ਹਉਮੈ ਵਿੱਚ ਆ ਜਾਵੇ, ਵੇਖੋ ਜੀ, ਮੈਂ ਆਪਣਾ ਕਿੰਨਾ ਹਿੱਸਾ ਕੱਢ ਕੇ ਇਸ ਨੂੰ ਛਕਾਇਆ ਹੈ ਤੇ ਕਹਿੰਦੇ, ਫਿਰ ਛਕਾਇਆ ਹੋਇਆ ਹਉਮੈ ਵਿੱਚ ਡੁੱਲ ਜਾਵੇਗਾ। ਇਹ ਪੜ੍ਹਾਈਆਂ ਸੰਗਤ ਵਿੱਚ ਆ ਕੇ ਸਮਝਣੀਆਂ ਹਨ। ਛਕਾਉਣ ਵਾਲਾ ਛਕਣ ਵਾਲੇ ਨੂੰ ਮੱਥਾ ਟੇਕਦਾ ਹੈ, ਬਈ, ਜਿਹੜੀ ਤੇਰੀ ਭੁੱਖ ਮਿਟੀ ਹੈ, ਜਿਹੜੀ ਤੇਰੀ ਸੇਵਾ ਕਰਕੇ ਮੈਨੂੰ ਅਨੰਦ ਆਇਆ ਹੈ, ਸੁੱਖ ਮਿਲਿਆ ਹੈ, ਤਾਂ ਤੈਨੂੰ ਮੱਥਾ ਟੇਕਦਾ ਹਾਂ। ਇਹ ਚੀਜ਼ਾਂ ਸਮਝਣੀਆਂ ਹਨ। ਇਹ ਤੁਹਾਡੀ ਕਿਰਪਾ ਨਾਲ ਵਿਧਵਾ ਬੀਬੀਆਂ ਨੂੰ ਰਾਸ਼ਨ ਦੇਣ ਦਾ ਭਲਾਈ ਕੇਂਦਰ ਚੱਲ ਰਿਹਾ ਹੈ, ਉੱਥੇ ਸਾਰੇ ਸਟਾਫ ਨੂੰ ਆਪਣੇ ਵੱਲੋਂ ਇਹੀ ਕਹੀਦਾ ਹੈ, ਜਿਸ ਬੀਬੀ ਨੂੰ ਰਾਸ਼ਨ ਦੇਣਾ ਹੈ, ਵੇਖਿਓ, ਉਸ ਦੇ ਚਿਹਰੇ ਵੱਲ ਵੀ ਨਾ ਵੇਖਣਾ, ਉਸ ਦੇ ਚਰਨਾਂ ਵੱਲ ਵੇਖਣਾ। ਸੰਗਤ ਦੇਣ ਵਾਲੀ ਹੈ, ਅਸੀਂ ਤਾਂ ਸਿਰਫ ਇੱਕ ਮਿੰਟ ਦੇ ਵਿਚੋਲੇ ਹਾਂ। ਸਿੱਖੀ ਇਹ ਹੈ। ਤੇਰੇ ਵੱਲੋਂ ਕਿਸੇ ਦੇ ਪ੍ਰਾਣ ਵੀ ਬਚਣ ਪਰ ਉਸ ਚੀਜ਼ ਦੀ ਹਉਮੈ ਨਾ ਆਵੇ, ਉਸ ਅਨੰਦ ਦੇ ਸ਼ੁਕਰਾਨੇ ਨਿਕਲਣ, ਸ਼ੁਕਰ ਹੈ, ਆਪ ਜੀ ਸੇਵਾ ਲੈ ਰਹੇ ਹੋ। ਜਿੰਨੀ ਸੰਗਤ ਰਸਾਲਾ ਪੜ੍ਹ ਰਹੀ ਹੈ ਇਹ ਤਿੰਨੇ

ਚੀਜ਼ਾਂ ਆਪਣੇ ਵਿੱਚ ਲਿਆਓ, ਨਾਮ, ਦਾਨ, ਇਸ਼ਨਾਨ। ਇਹ ਸਾਡੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਚੌਥਾ ਬਚਨ ਦਿੱਤਾ ਹੈ। ਗਰੀਬ ਤੇ ਭੋਜਨ ਤੋਂ ਆਤਰ ਦੀ ਮਦਦ ਕਰਨੀ ਹੈ।

*ਸਭੁ ਦਾਨਨ ਤੇ ਉਤਮ ਦਾਨੁ ॥*
*ਜਿਸੁ ਕੇ ਦੀਏ ਬਚਤੁ ਹੈ ਪ੍ਰਾਨ ॥*

-----------------

*ਕਾਰਜ ਅੜਿਓ, ਸਿੱਖ ਕੋ ਸਾਧੈ।*

ਕਿਸੇ ਸਿੱਖ ਦਾ ਕੋਈ ਕਾਰਜ ਅੜ ਜਾਵੇ ਤੇ ਤੁਸੀਂ ਆਪਣਾ ਕੋਈ ਸਹਿਯੋਗ ਕਰਕੇ ਉਸ ਨੂੰ ਸਿੱਧਾ ਕਰ ਦਿਓ। ਇਹ ਚੀਜ਼ਾਂ ਲਿਆਉਣਾ। ਕਿਸੇ ਸਿੱਖ ਦਾ ਕੋਈ ਕਾਰਜ ਅੜ ਗਿਆ ਹੈ ਤੇ ਤੁਹਾਡੇ ਕੋਲ ਤਾਕਤ ਹੈ ਤੇ ਤੁਸੀਂ ਉਸ ਦਾ ਸਹਿਯੋਗ ਕਰ ਦਿੱਤਾ ਹੈ। ਕਿਸੇ ਬੇਟੀ ਦਾ ਰਿਸ਼ਤਾ ਹੋ ਗਿਆ ਹੈ, ਉਸ ਕੋਲ ਇੰਨੀ ਤਾਕਤ ਹੈ ਨਹੀਂ ਪਰ ਤੁਸੀਂ ਇੰਨੀ ਗੱਲ ਕਹਿ ਦਿੱਤੀ ਹੈ, ਬੱਚੀ ਦੇ ਵਿਆਹ ਤੇ ਜਿੰਨਾ ਘਿਓ ਲੱਗੇਗਾ, ਜਿੰਨੇ ਚਾਵਲ ਲੱਗਣਗੇ, ਜਿੰਨਾ ਆਟਾ ਲੱਗੇਗਾ, ਉਹ ਮੇਰੇ ਵੱਲੋਂ। ਇਹ ਕਿੰਨੀ ਵੱਡੀ ਸੇਵਾ ਹੈ। ਕਿਸੇ ਸਿੱਖ ਦਾ ਕਾਰਜ ਅੜਿਆ ਹੋਵੇ ਤੇ ਰੱਬ ਨੇ ਤੁਹਾਨੂੰ ਤਾਕਤ ਦਿੱਤੀ ਹੈ ਤੇ ਤੁਸੀਂ ਉਸ ਸਿੱਖ ਦਾ ਕਾਰਜ ਸਿੱਧਾ ਕਰ ਦਿੱਤਾ ਹੈ:

*ਕਾਰਜ ਅੜਿਓ, ਸਿੱਖ ਕੋ ਸਾਧੈ ।*
*ਜਮੁ ਕੀ ਬਾਧਾ ਸੋ ਨਹੀਂ ਲਾਧੈ।*

ਕਹਿੰਦੇ, ਜਿਹੜਾ ਕਿਸੇ ਸਿੱਖ ਦਾ ਅੜਿਆ ਹੋਇਆ ਕਾਰਜ ਪੂਰਾ ਕਰ ਦੇਵੇ, ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ ਵਿੱਚ ਲਿਖਦੇ ਹਨ, ਉਸ ਨੂੰ ਕਦੀ ਜਮ ਬੰਨ੍ਹ ਕੇ ਨਹੀਂ ਖੜ੍ਹਨਗੇ।

ਪੰਜਵਾਂ ਉਪਦੇਸ਼ ਦਿੱਤਾ, ਸਿੱਖੀ ਦੇਣ ਲੱਗਿਆਂ, ਹਰ ਮਾਰਗ ਤੇ ਚੱਲਣ ਤੋਂ ਪਹਿਲਾਂ ਇਹ ਵੇਖ ਕੇ ਚਲਣਾ ਹੈ ਕਿ ਇਸ ਵਿੱਚ ਗੁਰਮਤਿ ਹੈ? ਜੇ ਉਸ ਵਿੱਚ ਗੁਰਮਤਿ ਨਹੀਂ ਹੈ ਤਾਂ ਨਾ ਚੱਲਣਾ। ਇਹ ਬੜੀਆਂ ਜ਼ਰੂਰੀ ਤੇ ਡੂੰਘੀਆਂ ਗੱਲਾਂ ਹਨ। ਸਾਰੀ ਸੰਗਤ ਨੇ ਇੱਕ-ਇੱਕ ਚੀਜ਼ ਨੂੰ ਸਮਝਣਾ ਹੈ, ਫਿਰ ਚਲਣਾ ਹੈ। ਰਿਸ਼ਤੇਦਾਰਾਂ ਵਿੱਚ ਵਿਆਹ ਆ ਗਿਆ ਹੈ, ਤੁਹਾਨੂੰ ਚਾਰ ਪਰਿਵਾਰ ਦੇ ਮੈਂਬਰਾਂ ਨੇ ਕਹਿ ਦਿੱਤਾ, ਆਈਬਰੋ ਬਣਾ ਲਵੋ। ਤੁਸੀਂ ਹੁਣ ਚੱਲਣ ਤੋਂ ਪਹਿਲਾਂ ਵੇਖਣਾ ਹੈ, ਕੀ ਇਸ ਵਿੱਚ ਗੁਰਮਤਿ ਹੈ? ਜੇ ਗੁਰਮਤਿ ਨਹੀਂ, ਫਿਰ ਚੱਲਣਾ ਹੀ ਨਹੀਂ, ਫਿਰ ਉਸ ਦਾ ਤਿਆਗ ਕਰਨਾ ਹੈ। ਹਰ ਚੀਜ਼ ਤੇ ਚੱਲਣ ਤੋਂ ਪਹਿਲਾਂ ਇਹ ਵੇਖ ਲਿਆ ਕਰੋ। ਕੀ ਇਸ ਵਿੱਚ ਗੁਰਮਤਿ ਹੈ? ਜੇ ਗੁਰਮਤਿ ਹੈ ਤਾਂ ਚੱਲਣਾ। ਫਿਰ ਗੁਰੂ ਸਾਹਿਬ ਦਾ ਪਿਆਰ ਸਦਾ ਹੀ ਬਖਸ਼ਿਸਾਂ ਵਾਂਗ ਵਰਤਦਾ ਹੈ, ਜਿਹੜਾ ਹਰ ਮਾਰਗ ਤੇ ਚੱਲਣ ਤੋਂ ਪਹਿਲਾਂ, ਇਹ ਵੇਖਦਾ ਹੈ ਕਿ ਇਸ ਵਿੱਚ ਗੁਰਮਤਿ ਹੈ।

*ਗੁਰਸਿਖ ਮੀਤ ਚਲਹੁ ਗੁਰ ਚਾਲੀ ॥*
*ਜੋ ਗੁਰੁ ਕਹੈ ਸੋਈ ਭਲ ਮਾਨਹੁ*
*ਹਰਿ ਹਰਿ ਕਥਾ ਨਿਰਾਲੀ ॥੧॥ ਰਹਾਉ ॥*

*(ਅੰਗ ੬੬੭)*

ਇਹ ਪੰਜ ਉਪਦੇਸ਼ ਦਿੱਤੇ ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਭਾਈ ਬਿਧੀ ਚੰਦ ਜੀ ਨੂੰ ਸਿੱਖੀ ਦੇਣ ਵੇਲੇ। ਬਾਬਾ ਬਿਧੀ ਚੰਦ ਜੀ ਨੇ ਫਿਰ ਇੰਨਾ ਪਿਆਰ ਕੀਤਾ, ਛੇਵੇਂ ਪਾਤਸ਼ਾਹ ਜੀ ਦੇ ਨਾਲ। ਜੇ ਉਨ੍ਹਾਂ ਦੇ ਪਿਆਰ ਦਾ ਕਿਨਕਾ ਵੀ ਤੁਹਾਡੀ ਝੋਲੀ ਵਿੱਚ ਪੈ ਗਿਆ ਤਾਂ ਸੰਗਤ ਜੀ, ਤੁਹਾਡੇ ਵਰਗਾ ਕੋਈ ਅਮੀਰ ਨਹੀਂ। ਆਓ ਜੀ, ਸਾਰੇ ਪੜ੍ਹੋ ਪਿਆਰ ਨਾਲ ਫਿਰ ਸਮਾਪਤੀ ਹੈ:

*ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।*

*(ਵਾਰ ੧੯, ਪਉੜੀ ੧੨)*

❂❂❂

# 350 ਸਾਲ ਨੌਵੇਂ ਪਾਤਸ਼ਾਹ ਜੀ ਦੇ ਚਰਨ ਛੋਹ ਅਸਥਾਨਾਂ ਦੇ ਨਾਲ

# ਗੁ: ਕੋਠਾ ਸਾਹਿਬ (ਵੱਲ੍ਹਾ)

***ਵਾਹਿਗੁਰੂ ਜੀ ਕਾ ਖਾਲਸਾ ॥***
***ਵਾਹਿਗੁਰੂ ਜੀ ਕੀ ਫਤਹਿ ॥***

ਅੱਜ ਅਸੀਂ ਦਰਸ਼ਨ ਕਰਾਂਗੇ ਗੁਰਦੁਆਰਾ ਕੋਠਾ ਸਾਹਿਬ ਜੋ ਕਿ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਹ ਅਸਥਾਨ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਤਕਰੀਬਨ ਅੱਠ ਕਿਲੋਮੀਟਰ ਦੀ ਦੂਰੀ 'ਤੇ ਪਿੰਡ ਵੱਲ੍ਹਾ ਵਿਖੇ ਸੁਭਾਇਮਾਨ ਹੈ।

ਸਾਧ ਸੰਗਤ ਜੀ! ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਸ਼ਾਹ ਜੀ ਦੀਆਂ ਕੀ-ਕੀ ਵਡਿਆਈਆਂ ਕਰੀਏ? ਜਿੱਥੇ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨ ਛੋਹ ਅਸਥਾਨ ਦੇ ਦਰਸ਼ਨ ਕਰਨੇ ਹਨ ਉੱਥੇ ਨਾਲ ਨਾਲ ਉਨ੍ਹਾਂ ਦੀ ਵਡਿਆਈ, ਉਨ੍ਹਾਂ ਦੀ ਸਿਫਤਿ ਸਾਲਾਹ ਉਹ ਵੀ ਹਾਜ਼ਰੀ ਲਗਾਉਂਦੇ ਹਾਂ। ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਤਿਆਗ ਦੀ ਮੂਰਤਿ ਹੋਏ ਹਨ। ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵੈਰਾਗ ਦੀ ਮੂਰਤਿ ਹੋਏ ਹਨ। ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਸ਼ਾਹ ਜੀ ਦਾ ਖਾਣ-ਪੀਣ ਵੱਲ, ਪਹਿਰਾਵੇ ਵੱਲ, ਮਾਣ-ਤਾਣ ਵੱਲ ਧਿਆਨ ਹੀ ਨਹੀਂ ਭਗਤੀ ਹੀ ਭਗਤੀ, ਬੰਦਗੀ ਹੀ ਬੰਦਗੀ, ਐਸੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਗਰੀਬਾਂ ਨੂੰ ਨਿਵਾਜਣ ਵਾਲੇ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੀ ਕਿਹੜੀ ਕਿਹੜੀ ਵਡਿਆਈ ਕਰੀਏ, ਕਿਹੜੇ ਕਿਹੜੇ ਗੁਣ ਗਾਈਏ। ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਗੁਰਬਾਣੀ ਵਿੱਚ ਕਿੰਨਾ ਵੈਰਾਗ ਹੈ:

***ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥***
*(ਅੰਗ ੧੪੨੭)*

ਜੇਕਰ ਅਸੀਂ ਸਮਝ ਲਈਏ ਤਾਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਲਈ ਅੰਦਰੋਂ ਧੰਨ ਨਿਕਲੇਗਾ। ਈਰਖਾ ਖਤਮ ਹੋ ਜਾਣਗੀਆਂ, ਨ਼ਫ਼ਰਤਾਂ ਖਤਮ ਹੋ ਜਾਣਗੀਆਂ। ਇੱਕ ਪੰਕਤੀ ਦੇ ਅਰਥ ਹੀ ਹਿਰਦੇ ਵਿੱਚ ਵਸਾ ਲਈਏ:

***ਜਿਉ ਸੁਪਨਾ ਅਰੁ ਪੇਖਨਾ ਐਸੇ ਜਗ ਕਉ ਜਾਨਿ ॥***
*(ਅੰਗ ੧੪੨੭)*

ਇਹ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਬਚਨ ਹਨ ਚੰਗੇ ਲੱਗਣ ਤਾਂ ਆਪ ਜੀ ਹਿਰਦੇ ਦੀ ਡਾਇਰੀ ਤੇ ਲਿਖ ਲੈਣਾ। ਜਗਤ ਇੱਕ ਸੁਪਨਾ ਹੈ। ਇੱਕ ਸੁਪਨਾ ਅਸੀਂ ਬੰਦ ਅੱਖ ਨਾਲ ਦੇਖਦੇ ਹਾਂ ਅਤੇ ਇੱਕ ਸੁਪਨਾ ਖੁੱਲ੍ਹੀ ਅੱਖ ਨਾਲ ਦੇਖਦੇ ਹਾਂ। ਇਹ ਜਿਹੜਾ ਜਗਤ ਹੈ ਜੇਕਰ ਇਸ ਨੂੰ ਸੁਪਨਾ ਸਮਝ ਲਈਏ ਤਾਂ ਕਿਸੇ ਲਈ ਈਰਖਾ ਨਹੀਂ ਆਏਗੀ, ਦਵੈਸ਼ ਨਹੀਂ ਆਏਗੀ। ਜੇਕਰ ਤੁਹਾਨੂੰ ਕੋਈ ਬਹੁਤ ਤੰਗ ਵੀ ਕਰੇ ਤਾਂ ਉਹਦੇ ਲਈ ਇੱਕ ਪਾਠ ਜਪੁ ਜੀ ਸਾਹਿਬ ਦਾ ਵਧਾਓਗੇ ਦੂਸਰੇ ਪੱਖ ਵੱਲ ਨਹੀਂ ਜਾਓਗੇ, ਇਹੋ ਜਿਹੀ ਅਵਸਥਾ ਬਣ ਜਾਵੇਗੀ।

***ਕਬੀਰ ਸਭ ਤੇ ਹਮ ਬੁਰੇ ਹਮ ਤਜਿ ਭਲੋ ਸਭੁ ਕੋਇ ॥***
*(ਅੰਗ ੧੩੬੪)*

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਇਹ ਬਚਨ ਹਨ ਕਿ ਜਗਤ ਵਿੱਚ ਐਸਾ ਕੁਝ ਨਹੀਂ ਜਿਸ ਨਾਲ ਮੇਰੀ ਤ੍ਰਿਪਤੀ ਹੋ ਸਕੇ। ਸਤਿਗੁਰੂ ਜੀ ਕਹਿੰਦੇ ਹਨ, ਜਿਸ ਦਿਨ ਅੰਦਰ ਇਹ ਖਿਆਲ ਬਣ



**ਗੁ: ਕੋਠਾ ਸਾਹਿਬ (ਵੱਲ੍ਹਾ)**

ਹੁਣ ਗੁ: ਕੋਠਾ ਸਾਹਿਬ (ਵੱਲ੍ਹਾ) ਦਾ ਇਤਿਹਾਸ ਸਾਂਝਾ ਕਰੀਏ। ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਸਤਾਰ੍ਹਾਂ ਦਿਨ ਇੱਥੇ ਰਹੇ ਗੁਰਦੁਆਰਾ ਕੋਠਾ ਸਾਹਿਬ। ਜਦੋਂ ਅੰਮ੍ਰਿਤਸਰ ਦੀਆਂ ਸੰਗਤਾਂ ਵਿੱਚੋਂ ਬਹੁਤ ਸਾਰੀਆਂ ਮਾਈਆਂ, ਬੀਬੀਆਂ ਨੂੰ ਪਤਾ ਲੱਗਾ ਕਿ ਸਤਿਗੁਰੂ

ਜਾਣ ਜਗਤ ਵਿੱਚ ਐਸਾ ਕੁਝ ਨਹੀਂ ਜਿਸ ਨਾਲ ਮੇਰੀ ਤ੍ਰਿਪਤੀ ਹੋ ਸਕੇ ਉਸ ਦਿਨ ਮਨੁੱਖ ਦੇ ਅੰਦਰ ਸੱਚੀ ਉਦਾਸੀ ਦਾ ਜਨਮ ਹੁੰਦਾ ਹੈ। ਜਿਸ ਦਿਨ ਇਹ ਆ ਜਾਵੇ ਜਗਤ ਵਿੱਚ ਕੋਈ ਇਹੋ ਜਿਹੀ ਚੀਜ਼ ਨਹੀਂ ਹੈ ਜਿਹੜੀ ਮੈਨੂੰ ਤ੍ਰਿਪਤ ਕਰ ਸਕੇ। ਤ੍ਰਿਪਤ ਤਾਂ ਨਾਮ ਨੇ ਹੀ ਕਰਨਾ ਹੈ। ਜਿਸ ਦਿਨ ਤੇਰੇ ਅੰਦਰ ਇਹ ਖਿਆਲ ਬਣ ਜਾਣ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਹਿੰਦੇ ਉਸ ਦਿਨ ਮਨੁੱਖ ਦੇ ਜੀਵਨ ਵਿੱਚ ਸੱਚੀ ਉਦਾਸੀ ਦਾ ਜਨਮ ਹੁੰਦਾ ਹੈ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਸ਼ਾਹ ਜੀ ਉਨ੍ਹਾਂ ਦਾ ਇੱਕ ਹੋਰ ਬਚਨ ਸਾਹਮਣੇ ਆਇਆ ਹੈ। ਜਗਤ ਵਿੱਚ ਆਰਜੀ ਤੌਰ ਤੇ ਰਹਿਣ ਆਏ ਹਾਂ ਜਦੋਂ ਇਹ ਗਿਆਨ ਹੋ ਜਾਵੇ ਇਸ ਜਗਤ ਵਿੱਚ ਆਰਜੀ ਤੌਰ ਤੇ ਰਹਿਣ ਆਏ ਹਾਂ ਤਾਂ ਕਿੰਨੀਆਂ ਆਸ਼ਾਵਾਂ ਨੂੰ, ਤ੍ਰਿਸ਼ਨਾਂ ਨੂੰ ਠੱਲ ਪੈ ਜਾਂਦੀ ਹੈ। ਜੇ ਸਤਿਗੁਰੂ ਜੀ ਦੇ ਬਚਨ ਹਿਰਦੇ ਰਾਹੀਂ ਸੁਣੀਏ ਜਗਤ ਵਿੱਚ ਆਰਜੀ ਤੌਰ ਤੇ ਰਹਿਣ ਆਏ ਹਾਂ ਤੇ ਜਦੋਂ ਇਹ ਗਿਆਨ ਹੋ ਜਾਵੇ ਤੇ ਅਸਲੀ ਘਰ ਦਾ ਸਫਰ ਉਦੋਂ ਸ਼ੁਰੂ ਹੁੰਦਾ ਹੈ ਜਿਹੜੇ ਅਸਲੀ ਘਰ ਅਸੀਂ ਜਾਣਾ ਹੈ ਜਿਸ ਨੂੰ ਨਿੱਜ ਘਰ ਕਹਿੰਦੇ ਹਨ। ਆਓ

ਜੀ ਦੇ ਸ੍ਰੀ ਹਰਿਮੰਦਰ ਸਾਹਿਬ ਆਉਣ ਤੇ ਪੁਜਾਰੀਆਂ ਨੇ ਬੂਹੇ ਬੰਦ ਕਰ ਲਏ ਉਨ੍ਹਾਂ ਮਾਈਆਂ, ਬੀਬੀਆਂ ਨੇ ਕਿਹਾ ਕਿ ਆਪਣੇ ਆਪ ਨੂੰ ਬਖਸ਼ਾਈਏ, ਵਹੀਰਾਂ ਘੱਤ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਮਾਈਆਂ, ਬੀਬੀਆਂ ਇਹ ਸਾਧ ਸੰਗਤ ਜੀ ਜਿੱਥੇ ਇਸ ਵੇਲੇ ਗੁਰਦੁਆਰਾ ਕੋਠਾ ਸਾਹਿਬ ਪਹੁੰਚੀਆਂ ਤੇ ਸਤਿਗੁਰਾਂ ਦੇ ਚਰਨ ਪਕੜ ਲਏ ਮਹਾਰਾਜ ਜੀ, ਅਸੀਂ ਕਿੱਥੇ ਗੁਨਾਹ ਬਖਸ਼ਾਵਾਂਗੇ। ਆਪ ਜੀ ਕਿਰਪਾ ਕਰੋ, ਆਪ ਜੀ ਮਿਹਰ ਕਰੋ ਸਾਡੀਆਂ ਭੁੱਲਾਂ ਬਖਸ਼ੋ ਤੇ ਸੰਗਤ ਜੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਫਿਰ ਬਚਨ ਕੀਤਾ

***ਵੱਲ੍ਹਾ ਗੁਰੂ ਕਾ ਗੱਲਾ।***
***ਮਾਈਆਂ ਰੱਬ ਰਜਾਈਆਂ ਭਗਤੀ ਲਾਈਆਂ।***

ਖੁਸ਼ੀਆਂ ਬਖਸ਼ੀਆਂ। ਇਹ ਦਾਸ ਦਾ ਵੀ ਆਪਣਾ ਤਜਰਬਾ ਹੈ। ਦਾਸ ਵੀ ਸਾਲ ਵਿੱਚ ਇੱਕ ਵਾਰੀ ਤੇ ਜ਼ਰੂਰ ਤੇ ਕਈ ਵਾਰੀ ਦੋ-ਤਿੰਨ ਵਾਰ ਇਸ ਅਸਥਾਨ ਤੇ ਦਰਸ਼ਨ ਕਰਨ ਜਾਂਦਾ ਹੈ ਤੇ ਜਦੋਂ ਕਿਤੇ ਨਾ ਜਾਇਆ ਜਾਵੇ ਤਾਂ ਪਰਚੇ ਪੈ ਜਾਂਦੇ ਹਨ। ਮਤਲਬ ਇਸ ਅਸਥਾਨ ਤੇ ਇਤਨੀ ਬਖਸ਼ਿਸ਼ ਹੈ, ਕਈ ਵਾਰੀ ਬੰਦੇ ਦਾ ਅੰਦਰ ਕਿਸੇ ਨਾ ਕਿਸੇ ਈਰਖਾ

ਕਰਕੇ ਜਾਂ ਕਿਸੇ ਹੋਰ ਵਜ੍ਹਾ ਕਰਕੇ ਸੜਦਾ ਹੈ ਪਰ ਜਿਹੜਾ ਸ਼ਰਧਾ ਭਾਵਨਾ ਨਾਲ ਨਿਮਾਣਾ ਹੋ ਕੇ ਗੁਰਦੁਆਰਾ ਕੋਠਾ ਸਾਹਿਬ ਜੀ ਵੱਲ੍ਹਾ ਪਿੰਡ ਵਿਖੇ ਆਪਣੀ ਸਾਲਾਨਾ ਹਾਜ਼ਰੀ ਭਰਦਾ ਹੈ ਫਿਰ ਉਸਦਾ ਅੰਦਰ ਨਹੀਂ ਸੜਦਾ। ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਘਟ ਘਟ ਵਿੱਚ ਵੱਸਣ ਵਾਲੇ ਆਪ ਵਰਤਦੇ ਹਨ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਇਸ ਪ੍ਰਸੰਗ ਦਾ ਬੜੇ ਪਿਆਰ ਨਾਲ ਜ਼ਿਕਰ ਕੀਤਾ ਹੈ। ਜਦੋਂ ਅੰਮ੍ਰਿਤਸਰ ਸਾਹਿਬ ਦੀਆਂ ਸੰਗਤਾਂ ਇਸ ਅਸਥਾਨ ਕੋਠਾ ਸਾਹਿਬ ਵੱਲ੍ਹੇ ਪਿੰਡ ਪਹੁੰਚੀਆਂ ਤੇ ਸੰਗਤਾਂ ਨੇ ਪ੍ਰਸ਼ਨ ਰੂਪ ਵਿੱਚ ਕੁਝ ਬੇਨਤੀਆਂ ਵੀ ਕੀਤੀਆਂ ਉਸ ਦਾ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਉੱਤਰ ਦਿੰਦੇ ਸੀ ਜੋ ਕਿ ਸਾਡੇ ਲਈ ਵੱਡਾ ਖਜ਼ਾਨਾ ਹੈ ਉਸ ਵਿੱਚੋਂ ਸਾਰੀ ਜ਼ਿੰਦਗੀ ਦੀ ਸੇਧ ਮਿਲਦੀ ਹੈ। ਜਦੋਂ ਸੰਗਤਾਂ ਨੇ ਇਹ ਪੁੱਛਿਆ ਕਿ ਉੱਤਮ ਕਰਮ ਕੀ ਹੈ? ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਹਿੰਦੇ, ਜੋ ਕੁਝ ਕੋਲ ਹੈ, ਲੋੜਵੰਦਾਂ ਨੂੰ ਵੰਡੀ ਜਾਣਾ ਤੇ ਇਕੱਠਾ ਕੇਵਲ ਨਾਮ ਧਨ ਹੀ ਕਰਨਾ, ਇਹ ਸਭ ਤੋਂ ਉੱਤਮ ਕਰਮ ਹੈ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸੰਗਤਾਂ ਨੇ ਬੇਨਤੀ ਕੀਤੀ ਕਿ ਨਾਮ ਧਨ ਇਕੱਠਾ ਕਿਵੇਂ ਕਰੀਏ? ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਕਹਿੰਦੇ, ਵਿਹਲੇ ਸਮੇਂ ਨੂੰ ਸਫਲਾ ਕਰਿਆ ਕਰੋ ਤੇ ਦੂਜਾ ਕਿਹਾ ਵਿੱਥਾਂ ਭਰੋ। ਵਿੱਥਾਂ ਤੋਂ ਭਾਵ ਮੰਨ ਲਓ ਤੁਸੀਂ ਆਪਣੇ ਪਤੀ ਨਾਲ ਬੈਠ ਕੇ ਸਕੂਟਰ ਤੇ ਜਾ ਰਹੇ ਹੋ, ਰਸਤੇ ਵਿੱਚ ਅੱਧਾ ਘੰਟਾ ਲੱਗਣਾ ਹੈ ਤੇ ਉਸ ਅੱਧੇ ਘੰਟੇ ਵਿੱਚ ਤੁਸੀਂ ਪੰਜ ਪਾਠ ਚੌਪਈ ਸਾਹਿਬ ਦੇ ਕਰ ਲਏ, ਉਹ ਵਿੱਥ ਭਰ ਲਈ। ਜੇ ਆਟਾ ਗੁੰਨਣਾ ਹੈ, ਵਾਹਿਗੁਰੂ ਜਪਦਿਆਂ ਵਿੱਥ ਭਰ ਲਈ। ਪੇੜਾ ਵੇਲਣਾ ਹੈ, ਵਾਹਿਗੁਰੂ ਜਪਦਿਆਂ ਵਿੱਥ ਭਰ ਲਈ।

ਫਿਰ ਸੰਗਤਾਂ ਨੇ ਇਹ ਬੇਨਤੀ ਕੀਤੀ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨਾਮ ਧਨ ਇਕੱਠਾ ਕਰਨ ਨਾਲ ਕੀ ਹੋਵੇਗਾ? ਅੰਦਰੋਂ ਸੀਸ ਨੂੰ ਝੁਕਾਉਣਾ, ਹੁਣ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਬਚਨ ਕੀਤਾ ਕਿ ਨਾਮ ਧਨ ਇਕੱਠਾ ਕਰਨ ਨਾਲ ਤੁਹਾਡੇ ਹਰ ਕੰਮ ਦੀ ਫਿਕਰ ਸਾਂਈ ਨੂੰ ਪੈ ਜਾਵੇਗੀ। ਕਿੰਨੇ ਡੂੰਘੇ ਜਵਾਬ, ਨਾਮ ਧਨ ਇਕੱਠਾ ਕਰਨ ਦਾ ਲਾਭ ਕੀ ਹੈ? ਤੁਹਾਡੇ ਹਰ ਕੰਮ ਦਾ ਫਿਕਰ ਸਾਂਈ ਨੂੰ, ਪ੍ਰਮੇਸ਼ਰ ਨੂੰ ਹੋਵੇਗਾ। ਜਿਨ੍ਹਾਂ ਦਾ ਨਾਮ ਜਪ ਰਹੇ ਹੋ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਬਾਰੇ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਲਿਖਦੇ ਹਨ ਕਿ ਸੰਗਤਾਂ ਨੇ ਗੁਰੂ ਸਾਹਿਬ ਨੂੰ ਸੋਝੀ ਲੈਣ ਪ੍ਰਤੀ ਪ੍ਰਸ਼ਨ ਕੀਤੇ ਤੇ ਸਤਿਗੁਰਾਂ ਨੇ ਜਵਾਬ ਦਿੱਤੇ ਅਤੇ ਉਹ ਇਹ ਵੀ ਲਿਖਦੇ ਹਨ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਇੱਥੇ ਸ਼ਬਦ ਵੀ ਉਚਾਰਿਆ:

***ਸੋਰਠਿ ਮਹਲਾ ੯***
***ਪ੍ਰਾਨੀ ਕਉਨੁ ਉਪਾਉ ਕਰੈ ॥***
***ਜਾ ਤੇ ਭਗਤਿ ਰਾਮ ਕੀ ਪਾਵੈ***
***ਜਮ ਕੋ ਤ੍ਰਾਸੁ ਹਰੈ ॥੧॥ ਰਹਾਉ ॥***

***(ਅੰਗ ੬੩੨)***

ਇਹ ਸ਼ਬਦ ਵੀ ਇੱਥੇ ਹੀ ਉਚਾਰਿਆ ਪਿੰਡ ਵੱਲ੍ਹੇ ਗੁ: ਕੋਠਾ ਸਾਹਿਬ। ਆਪ ਸੰਗਤਾਂ ਜਦੋਂ ਸ੍ਰੀ ਅੰਮ੍ਰਿਤਸਰ ਸਾਹਿਬ ਦਰਸ਼ਨ ਕਰਨ ਜਾਓ, ਯਤਨ ਕਰਿਓ ਇਸ ਅਸਥਾਨ ਤੇ ਵੀ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਚਰਨ ਛੋਹ ਅਸਥਾਨ ਤੇ ਜ਼ਰੂਰ ਨਤਮਸਤਕ ਹੋ ਕੇ ਗੁਰੂ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ। ਇੱਕ ਵਾਰੀ ਸਾਰੇ ਪਿਆਰ ਸਤਿਕਾਰ ਨਾਲ ਆਖੋ:

***ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ।***

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ ਦੇ ਦਰਗਾਹੀ ਬਚਨ

*ਲੜੀ ਜੋੜਨ ਲਈ 164 ਅੰਕ ਦੇਖੋ ਜੀ:-*

*ਸੰਗ੍ਰਹਿ ਕਰਤਾ-*
*ਸੰਪਾਦਕ*

ਦਸਵੰਧ ਕੋਈ ਦਾਨ ਨਹੀਂ ਹੈ, ਇਹ ਤਾਂ ਗੁਰੂ ਦੀ ਅਮਾਨਤ ਹੈ, ਜੋ ਸਿੱਖ ਦੇ ਕੋਲ ਹੈ। ਕਮਾਈ ਦਾ ਦਸਵਾਂ ਹਿੱਸਾ ਗੁਰੂ ਦੇ ਲੇਖੇ ਲਗਾਉਣ ਨਾਲ ਘਰ ਵਿੱਚ ਪਏ 9 ਹਿੱਸੇ ਵੀ ਅੰਮ੍ਰਿਤ ਬਣ ਜਾਂਦੇ ਹਨ।

**322**

ਜਿਸ ਤਰ੍ਹਾਂ ਸਾਡੇ ਸਰੀਰ ਲਈ ਭੋਜਨ ਅਤੇ ਕੱਪੜੇ ਦੀ ਜ਼ਰੂਰਤ ਹੈ, ਇਸੇ ਤਰ੍ਹਾਂ ਸਾਡੀ ਆਤਮਾ ਲਈ ਭਜਨ ਅਤੇ ਨਿਤਨੇਮ ਦੀ ਜ਼ਰੂਰਤ ਹੈ।

**323**

ਮਾਨ ਅਤੇ ਕਾਮ ਸਭ ਤੋਂ ਵੱਡੇ ਕੋਹੜ ਹਨ ਅਤੇ ਸਾਧ ਸੰਗਤ ਦੀ ਸੇਵਾ ਇਹਨਾਂ ਦੀ ਦਾਰੂ (ਦਵਾਈ) ਹੈ।

**324**

**350 साल नवम् पातशाह जी के चरण स्पर्श अस्थानों के साथ**

# गुरुद्वारा श्री दमदमा साहिब (श्री अमृतसर साहिब)



गुरुद्वारा श्री दमदमा साहिब सभी संगतों को विनती है, जहाँ हमने गुरु साहिब के चरण स्पर्श स्थानों के इतिहास द्वारा दर्शन करने हैं, वहाँ साथ–साथ भावना के वचन पड़ कर भावना भी बनानी हैं। गुरु साहिब इतने बड़े हैं कि धन्य धन्य श्री गुरु तेग बहादर साहिब जी जहाँ दम भी लिया वहाँ भी स्थान, जहाँ रुके हैं वहाँ भी स्थान, जहाँ एक कूप (खूह) के खारे जल को मीठा किया, वहाँ भी स्थान, कहीं एक गड्ढे की ओर दृष्टि की, उस जल को भी बख्शिश वाला बना दिया। भावना बनाओ धन्य श्री गुरु तेग बहादर साहिब जी का 350 साला पावन शहीदी दिवस हृदय में बस जाए। धन्य श्री गुरु गोबिंद सिंघ जी से बड़ा कौन है, दसवें पातशाह जैसी भावना हमारी धन्य श्री गुरु तेग बहादर जी पर हो। दास इशारा दे रहा है। नौ साल उम्र कितनी होती है खेलते–खेलते आ रहे हैं धन्य श्री गुरु गोबिंद सिंघ जी की भावना के दर्शन करो। पाँच सौ शरीरों ने पीले रंग के वस्त्र धारण किए हुए हैं और पीले रंग का सीस पर कपड़ा बंधा हुआ है। धन्य श्री गुरु तेग बहादर जी आसन पर बैठकर दर्शन दे रहे हैं। धन्य श्री गुरु गोबिंद सिंघ जी खेलते–खेलते आ रहे हैं। अब पाँच सौ शरीर एक लिबास में खड़ा हो कुदरती नज़र

पड़ती है। धन्य श्री गुरु गोबिंद सिंघ जी अपने पिता जी को कहते हैं, पिता जी, ये कौन हैं? धन्य श्री गुरु तेग बहादर जी ने कहा– ये कश्मीरी पण्डित हैं। इनका धर्म खतरे में है। तिलक जनेऊ उतारा जा रहा है, उस विनती को लेकर आए हैं। दास भावना की विनती कर रहा है, भावना के दर्शन करो। धन्य श्री गुरु गोबिंद सिंघ जी पूछते हैं पिता जी, इनका धर्म कैसे बच सकता है? धन्य श्री गुरु तेग बहादर जी ने कहा– किसी पूर्ण पुरुष को कुर्बानी देनी होगी। कलगीधर महाराज जी ने कहा– इस धरती पर आपसे बड़ा पूर्ण पुरुष कौन है। कितनी भावना है। आपसे बड़ा पूर्ण पुरुष कोई नहीं हो सकता।

दास की विनती है इतिहास के दर्शन करते–करते हमारी भावना बने। संगत जी, धन्य श्री गुरु तेग बहादर जी महाराज पर इतनी भावना, दास एक छोटा–सा इशारा देने लगा है। जब किला छोड़ा है श्री आनंदपुर साहिब का धन्य श्री गुरु गोबिंद सिंघ जी ने चार परिक्रमा की सीसगंज साहिब गुरुद्वारा है श्री आनंदपुर साहिब, जहाँ धन्य श्री गुरु तेग बहादर जी के पवित्र शीश का संस्कार हुआ है। सीसगंज साहिब दिल्ली में भी है। जब भाई जैता जी श्री गुरु तेग बहादर साहिब जी की शहीदी के बाद सतिगुरु जी का पावन शरीर श्री आनंदपुर साहिब लाते समय दूसरी रात रुके हैं। तरावड़ी (हरियाणा) में वहाँ भी गुरुद्वारा सीसगंज साहिब है। यहाँ श्री आनंदपुर साहिब भाई जैता जी शीश लेकर आए हैं। लगभग पाँच रातों का सफर लिखा है, इतिहास में। भावना देखो धन्य श्री गुरु गोबिंद सिंघ जी की जब किला छोड़ने लगे श्री आनंदपुर साहिब का सेवा पंथी टकसाल से भाई गुरबख्श जी को बुलाकर कहा कि यह मेरे पिता जी के स्थान पर ज्योति नहीं बुझनी चाहिए। यहाँ धूपबती की रोज सेवा करना। भाई गुरबख्श जी ने कहा– गुरु जी आप चले हो, आपके साथ सिंघ शूरवीर चले हैं, किला छोड़ रहे हो। लाखों का घेरा है। मैं अकेला यह मर्यादा कैसे निभा सकूंगा? कोई गलत नीयत से इस स्थान को नष्ट करने के लिए बढ़ा तो, सतिगुरु जी मैं अकेला क्या करुंगा? धन्य श्री गुरु गोबिंद सिंघ जी महाराज ने कहा– यह स्थान मेरे पिता धन्य श्री गुरु तेग बहादर जी का है। भाई गुरबख्श जी आपसे वचन करते हैं जो भी कोई मुगल या कोई अन्य निरादर की नीयत से इधर आएगा, उसको दिखाई देना बंद हो जाएगा। वह अंधा हो जाएगा। कितना बड़ा वचन किया गुरु साहिब ने। जो इधर आएगा उसको दिखाई नहीं देगा। दास ने इतिहास में से जिक्र इसलिए लिया है तांकि आपकी धन्य श्री गुरु तेग बहादर साहिब जी पर भावना बन जाए।

गुरुद्वारा दमदमा साहिब यह संगतों को विनती है, जब श्री गुरु तेग बहादर साहिब थड़ा साहिब श्री दरबार साहिब, अमृतसर से वल्ला साहिब को गए। रास्ते में यहाँ सतिगुरु जी ने दम लिया, थोड़ा–सा आराम किया, यह रमनीय स्थान अमृतसर में मकबूलपुरा चौंक से कुछ दूरी पर माल मण्डी के निकट शोभायमान है। इस स्थान पर कुछ समय सतिगुरु जी ने दम लिया, आराम किया। इसका नाम गुरुद्वारा श्री दमदमा साहिब से प्रसिद्ध हुआ। आप किसी वक्त भी

*–शेष पन्ना 41 पर पढ़ो जी*

सिक्ख पंथ के सत्कारयोग्य गुरमुख प्यारे

भाई साहिब भाई गुरइकबाल सिंघ जी के कीर्तन विचारों में से

# धन्य धन्य शहीद बाबा दीप सिंघ जी ने श्री आनंदपुर साहिब में कौन-सी विद्या प्राप्त की?

–जसविंदर सिंघ (पटियाला)

*मन तूं जोति सरूपु है आपणा मूलु पछाणु ॥*
*मन हरि जी तेरै नालि है गुरमती रंगु माणु ॥*
*मूलु पछाणहि तां सहु जाणहि*
*मरण जीवण की सोझी होई ॥*
*गुर परसादी एको जाणहि*
*ताँ दूजा भाउ न होई ॥*
*मनि सांति आई वजी वधाई*
*ता होआ परवाणु ॥*
*इउ कहै नानकु मन तूं जोति सरूपु है*
*अपणा मूलु पछाणु ॥५॥*

*(अंग ४४१)*

*मन पिआरिआ जीउ मित्रा गोबिंद नामु समाले ॥*
*मन पिआरिआ जी मित्रा हरि निबहै तेरै नाले ॥*

*(अंग ७६)*

यदि संसारी काम भी कर रहे हो अपने मन को सुचेत करो। मान लो पंद्रह मिनट लगने हैं, भोजन पकते, इस समय मन को सुचेत कर लिया करो, पंद्रह मिनट वाहिगुरु शब्द को संभालना है। आधा घण्टा लगना है, सफाई करते, मन को सुचेत कर लो, साथ वाहिगुरु सिमरन चला कर, इस आधे घण्टे को भी संभालना है।

कार है पांच लाख वाली, साल दो साल दौड़ लग गई, पंद्रह बीस लाख वाली ले लो, हे मन! तेरा मूल यहाँ नहीं है। तेरा मूल क्या है? तू नाम जपने के लिए आया है। हमने यह क्यों कह दिया, इसको मजा चखाना है। हे मन! तेरा मूल यह नहीं है, तेरा मूल है, नाम जपना। और सरल करके समझ लेना, कोई दुविधा तंग करे, कोई वैर तंग करे, कोई लालच तंग करे, यह रिश्तेदार करोड़ों में खेल रहा है, मैं कहाँ रह गया, कभी मन उदास मत करो, हमारा मूल माया से आगे निकलना नहीं, हमारा मूल है, गोबिंद प्रेम करना। सतिगुरु जी ने बाणी में बड़े प्यार से कहा है:

***इउ कहै नानकु मन तूं जोति सरूपु है***
***अपणा मूलु पछाणु ॥५॥***

*(अंग ४४१)*

ज्योति कौन है? जो सारी दुनिया को चला रही है। तू इस में से आया है और अपने मूल को पहचान। पानी की तरफ देखो, जहाँ मर्जी

डाल दो, नीचे की तरफ जाता है। मोमबत्ती देखो, वह ऊपर को जाती है। मोमबत्ती की लाइट ऊपर को जाती है। पानी बहता है, नीचे की तरफ जाता है। हम से यह अच्छे हैं, इन्होंने अपना मूल पहचान लिया है। पानी कहता है, मेरा मूल समुद्र। मोमबत्ती की लाइट कहती है, मेरा मूल है सूर्य। मैंने उस तरफ जाना है। सिक्खा! तेरा मूल गोबिंद प्रेम है। खूब पढ़ाई बच्चों को करवाओ पर यह देख लो, साथ ही गोबिंद प्रेम की पढ़ाई भी हो जाए, अन्यथा कहीं उसमें न आ जाए:

***पड़िआ मूरखु आखीऐ जिसु लबु लोभु अहंकारा॥***

*(अंग १४०)*

क्या करेंगे, बच्चे बाहर भेजकर। क्या करेंगे बच्चों को बड़ी डिग्री देकर, यदि उन बच्चों के जीवन में से धन्य श्री गुरु गोबिंद सिंघ जी महाराज की दस्तार ही चली गई। यदि उनके जीवन में पाँच बाणियों का नेम ही न आया, वह पढ़ाई क्या करेगी। अपना मूल पहचान।

सारी संगत सतिगुरु जी के चरणों का ध्यान करके कहो सतिनामु श्री वाहिगुरु।

***गुरमुखि परउपकारी विरला आइआ।***
***गुरमुखि सुख फलु पाइ आपु गवाइआ।***
***गुरमुखि साखी सबदि सिखि सुणाइआ।***
***गुरमुखि सबद वीचारि सचु कमाइआ।***
***सचु रिदै मुहि सचु सचि सुहाइआ।***
***गुरमुखि जनमु सवारि जगतु तराइआ॥१२॥***

*(वार १६, पउड़ी १२)*

आज जिस प्रकरण की सतिगुरु जी ने सेवा लेनी है:

**सिक्ख पंथ के सत्कार योग्य गुरमुख प्यारे:**

आज श्री गुरु गोबिंद सिंघ जी के प्यारे शहीद बाबा दीप सिंघ जी के जीवन के बारे में विचार पर गुरु साहिब सेवा लें। प्यार से सारे पढ़ो:


***गुरमुखि परउपकारी विरला आइआ।***

*(वार १६, पउड़ी १२)*

***धन्य धन्य शहीद बाबा दीप सिंघ जी।***

बाबा दीप सिंघ जी के पिता जी का नाम भाई भगतू जी और माता जी का नाम माता जिऊणी जी था। बाबा जी का आगमन पहुविण्ड साहिब हुआ। बाबा दीप सिंघ जी की कोई दया, उनके आगमन स्थान की कार सेवा, उन्होंने स्वयं ही कृपा करके आपके ट्रस्ट बीबी कौलां जी भलाई केन्द्र को प्रदान की है। बाबा दीप सिंघ जी उनके पिता भाई भगतू जी, खेतों में बैठे हैं, जो गन्नों का बेलन, इतिहासकारों ने लिखा है, वह भी बाबा जी का अपना है। ज़मीन काफी थी। यह वह पवित्र ज़मीन है जिसकी सारी कार सेवा बाबा दीप सिंघ जी अपनी कृपा करके बीबी कौलां जी भलाई केन्द्र ट्रस्ट से ले रहे हैं।

पाँच साल की उम्र बाबा जी अपने पिता जी के साथ खेतों में काम करने लगे। कुछ इतिहासकारों ने लिखा, दस–ग्यारह साल की उम्र में बाबा जी कई खेलों में निपुण हो गए। अब याद रखना 1682। 1682 से सीधा आओ 1699 धन्य श्री गुरु गोबिंद सिंघ जी महाराज ने श्री आनंदपुर साहिब में अमृत की दात दी। पाँच सीस की माँग की। उन पाँचों को पुनजीर्वित किया। यह खबर जंगल की आग की तरह हर




**गुरुद्वारा जन्म अस्थान धन्य धन्य शहीद बाबा दीप सिंघ जी, श्री पहुविण्ड साहिब**

तरफ फैल गई। बाबा दीप सिंघ जी अपने माता–पिता को कहते हैं, मैंने भी अमृतपान करना है। मैंने भी कछहरा धारण करना है, मैंने भी अमृत की दात लेनी है। अब 1699 में से 1682 कम कर दो तो 17 साल बनते हैं। 17 साल का बचपन बाबा दीप सिंघ जी का, बचपन पहुविण्ड साहिब की धरती पर बीता है, जहाँ की कार सेवा आपकी संस्था से गुरु साहिब सेवा ले रहे हैं। आप जी के दसवंध से बाबा दीप सिंघ जी के स्थान पर सेवा हो रही है। एक ब्रह्मज्ञानी का स्थान। बाबा जी दोबारा पहुविण्ड साहिब आए हैं, वह समय अलग है। अमृतपान के कुछ महीने बाद। किसी ने साढ़े 17 या 18 साल उम्र लिखी है, जब बाबा जी श्री आनंदपुर साहिब गए हैं। 18 साल के करीब बाबा जी की उम्र। पिता जी, माता जी, पूरा परिवार श्री आनंदपुर साहिब पहुँचा है। वहाँ धन्य श्री गुरु गोबिंद सिंघ जी महाराज के दर्शन किए हैं। बाबा दीप सिंघ जी परिवार सहित जहाँ पहुँचे हैं, इतिहासकारों ने लिखा है कि होले मोहल्ले के निकट के दिन थे। बाबा जी के अंदर इच्छा पैदा हो रही थी कि मैं जाऊँ। मैं दर्शन करुं। बाबा जी परिवार सहित जब पहुँचे, बाबा जी के पिता जी ने सारा दसवंध धन्य श्री गुरु गोबिंद सिंघ जी के चरणों में भेंट किया, हाजरी लगवाई। बाबा दीप सिंघ जी ने एक–दो दिन बाद अमृत की दात प्राप्त की, दीप (बचपन का नाम) से बाबा दीप सिंघ जी सजे। भाई भगतू जी, भाई भगतू सिंघ जी हो गए। माता जिऊणी जी, माता जिऊणी कौर हो गए। सात–आठ दिन बीत गए। अब बाबा जी के माता जी ने कहा– दीप सिंघ जी, घर चलो। बाबा जी ने कहा– मेरा मन नहीं करता। रोज देखते थे, वहाँ के नजारे श्री आनंदपुर साहिब। कुछ इतिहासकारों ने लिखा है, दशमेश पिता जी की जो अपनी फौज थी, उसकी भी अलग–अलग टुकड़ियां थीं। फौज की अलग–अलग टुकड़ियां बनाई थीं।

जत्थेदार बनाए थे। कई इतिहासकारों ने लिखा है, धन्य श्री गुरु गोबिंद सिंघ जी महाराज की एक फौज की टुकड़ी थी, जिसका नाम था संत सिपाही। सतिगुरु जी ने इस टुकड़ी का नाम संत सिपाही क्यों रखा है? इस टुकड़ी में जितने खालसा हैं, सब का 1 बजे उठने का नितनेम है।

***सभना उपरि नदरि प्रभ तेरी॥***
***किसै थोड़ी किसै है घणेरी॥***

*(अंग ११६)*

तीन तरह की टुकड़ियां थीं। एक है, शस्त्रों में निपुण, सिमरन बंदगी भी है। कुछ हो सकता है, सिमरन बंदगी में कम पर शस्त्रों में निपुण हैं। इस तरह के पिता जी के कुछ उसूल थे और इस हिसाब से फौज की टुकड़ियां बनाई थीं। उस टुकड़ी के कौतुक देखे और बाबा जी का दिल ही न करे जाने को। मैं भी यहाँ रहूँ। प्यार भरी विचार हो रही है, बातचीत हो रही है। माता जी कहने लगे, लोग अमृतपान करके घर नहीं छोड़ देते। बाबा जी ने कहा– मेरा दिल नहीं करता घर जाने को, मैंने यहाँ ही रहना है। माता जी ने कहा– अमृतपान करने का यह मतलब है, क्या हम घर–बार छोड़ दें। आप कहते हो मैंने घर जाना ही नहीं है। यह आपस में प्यार भरी बातचीत हो रही है और इधर से कलगीधर पिता जी घोड़े पर सवार होकर आ गए। सतिगुरु जी कहने लगे, माँ पुत्र में क्या विचार हो रही है? बाबा दीप सिंघ जी के माता जी कहने लगे, अच्छा हुआ सतिगुरु जी आप जी आ गए। यह देखें, दीप सिंघ कहता है, घर नहीं जाना। अमृतपान करके कोई घर थोड़ा छोड़ देता है। आप समझाओ। धन्य श्री गुरु गोबिंद सिंघ जी महाराज घोड़े पर सवार कहने लगे– माता जी! नहीं जा रहा तो यहाँ ही रहने दो। इसका नाम दीप सिंघ है। इस दीप ने समय आने पर हजारों लाखों बुझे हुए दीप जगाने हैं। एक बार प्यार से कहो:

***धन्य धन्य शहीद बाबा दीप सिंघ जी।***

अब गुरु जी की पाठशाला देखो। श्री आनंदपुर साहिब जाओ, माथा टेका करो। वहाँ गुरु जी ने इतना कुछ बांटा है, इतनी खुशियां दी हैं। कोई छोटी जगह नहीं। यह कोई छोटी–सी बात है, धन्य श्री गुरु गोबिंद सिंघ जी महाराज ने श्री आनंदपुर साहिब में बाबा दीप सिंघ जी को अरबी भाषा सिखाई, फारसी सिखाई, गुरमुखी व संस्कृति सिखाई। अन्य भी भाषाएं सिखाईं। बाबा दीप सिंघ जी ने धन्य श्री गुरु गोबिंद सिंघ जी के चरणों में शस्त्र विद्या भी सीखी। दास कुछ चीजों के नाम लेता है, आप दसम पातशाह जी के बेटे–बेटियां हो, आनंद आता है, गुरु जी की बात सुनकर। बाबा दीप सिंघ जी को धन्य श्री गुरु गोबिंद सिंघ जी ने आनंदपुर साहिब में शस्त्रों में से नेज़ाबाजी भी सिखाई, शस्त्रों में बंदूक चलाना भी सिखाया। शस्त्रों में तलवार चलाना भी सिखाया और शस्त्रों में से तीर चलाना भी सिखाया। बाबा जी को निपुण किया। पाँच साल बाबा जी वहाँ रहे।

जब धन्य श्री गुरु गोबिंद सिंघ जी महाराज ने माता–पिता को कहा कि इसका नाम दीप सिंघ है और इसने कई बुझे दीप जगाने हैं, उसके बाद पाँच साल बाबा जी गुरु जी के चरणों में रहे। दास कई बार आप को विनती करता है, पंजाब वालो! हम से इंगलैंड वाले आगे

निकल गए हैं। इस बार आपने चार दिन इंगलैंड भेजा। इस तरह ही जैसे कीर्तन दरबार हो रहा है और उसके बाहर धन्य श्री गुरु गोबिंद सिंघ जी महाराज के सुपुत्रों ने टैंट लगाकर ऐसे कैंप लगाए थे कि किसी को शीश पर दुमाला बांधना सिखाया जा रहा है। कोई साठ–सत्रह शरीर दस्तार सजाना सीख रहे हैं। दास ने पहली बार देखा है, कैंप में से जहाँ अंदर जाते थे, उस के बाहर उन्होंने दास को पहचान लिया। उसमें तीर चलाना सिखाया जा रहा था। इतने सुंदर तीर व कमान। दास को गुरमुखों ने रोक लिया। दास ने विनती की स्टेज पर सिर्फ सात–आठ मिनट रह गए हैं। कहने लगे, सामने ही स्टेज है, आपने पहुँच जाना है। साज चले गए हैं और हमारा दिल करता है कि पकड़ो कमान और आप भी तीर चलाओ। दास ने कमान पकड़ी और पिता जी की याद आ गई। दास ने कहा कि बाजों वाले! आज कमान पकड़ा दिया है। कभी नहीं पकड़ा। दास के कद जितनी होनी है, इतनी बड़ी कमान। तीर भी साथ दिया। इंगलैंड के तीर पता नहीं कहाँ से बनाए थे? तीर के पीछे घुंडी। कहने लगे इसको धागे में फंसाओ। पीछे खींचो, धागे को जितना खींचा जाता है तीर उतनी ही दूर जाता है। सामने कोई गोल चीज लगाई हुई थी, 2–3 मीटर की दूरी पर। कहने लगे– तीर उसमें लगाना चाहिए। दास ने कहा कि यह तो कठिन काम है। हमें तो निशाना नहीं लगाना आता। आप कहते हो कि तीर वहाँ लगाना चाहिए। उन्होंने दास को तीर–कमान पकड़ा दिया और जब दास ने तीर धागे में रखा, पीछे को खींचा और साथ ही धन्य श्री गुरु गोबिंद सिंघ जी की याद आती जाए। बाजों वाले, आप भी तीर ऐसे खींचते थे। आज आप के खालसा ने दास को तीर कमान पकड़ा दिया है। जब तीर खींचा तो दास ने अरदास की, बाजों वाले, कृपा करो। निशाने पर ही तीर लगे। जब बाबा जी ने कमान से तीर चलवाया तो वहाँ ही तीर लगा जितना 2–3 मीटर के दायरे में जगह बनाई थी, थरमोकोल में। वहाँ चुभ जाता था और फिर वे समझते थे कि निशाना ठीक है। जब उसमें जाकर तीर लगा तो कहने लगे– आपको तो चलाना आता है। दास ने विनती की, मैंने तो पहली बार तीर कमान पकड़ा है और गुरु साहिब ने आप कृपा की। कहते एक और चलाओ। दास ने कहा कि अब यह कहीं इधर उधर न हो जाए। दास ने दूसरा तीर पकड़ा और अरदास की बाबा जी! फिर लाज रखना। वह भी जब दूसरा तीर चला तो वह तीर भी निशाने पर ही लगा। दास चलने लगा, उनका एक सिंघ और आ गया। कहने लगा, मेरी कमान पर भी चलाओ। दास ने अरदास की, सतिगुरु जी लाज रखना। तीनों ही सतिगुरु जी ने टिकाने लगवाए। दास को अंदर अनुभव हुआ। जो इंगलैंड की संगतों ने विरसा संभाला है, पिता जी की याद आती है। फिर दास ने स्टेज पर कहा कि जो आपने संभाला, वह हम आज पंजाब वाले बहुत पीछे रह गए हैं, कैसे दस्तार सिखाई जा रही है, तीर चलाने में निपुण किया जा रहा है। संस्कृत भी, गुरमुखी भी, नेज़ाबाजी भी, बंदूक भी, तीर भी कहना पड़ेगा।

***सुणी अरदासि सुआमी मेरै***
***सरब कला बणि आई ।।***

***प्रगट भई सगले जुग अंतरि***
***गुर नानक की वडिआई ।।४।।११।।***

*(अंग ६११)*

सचमुच ही श्री गुरु नानक देव जी महाराज, आप जी का घर सर्वकला ही है। एक बार बोलो, फिर समाप्ति की ओर आ रहे हैं:

***गुरमुखि परउपकारी विरला आइआ।***

*(वार १६, पउड़ी १२)*

बाबा जी का इतिहास है। रस बनाए रखना। थोड़ा दर्शन करो। श्री आनंदपुर साहिब पाँच साल में हुई जंगों में भी बाबा दीप सिंघ जी ने भाग लिया। पाँच साल बाद सतिगुरु जी ने आज्ञा दी, दीप सिंघ जी! आप से अन्य कई डयूटियां लेनी हैं आप पहुविंड साहिब जाओ और जाकर सिक्खी का प्रचार करो। बाबा जी अपने गाँव पहुविंड साहिब आ गए और वहाँ भी प्रचार किया, गुरबाणी का।

अब जरा दर्शन करना। श्री आनंदपुर साहिब छोड़ा। बड़े साहिबज़ादे शहीद हो गए, छोटे साहिबज़ादे शहीद हो गए। माछीवाड़े से होते हुए, राए कला, राए कोट और जब आसन साबो की तलवंडी धन्य श्री गुरु गोबिंद सिंघ जी ने लगाया जिसको पांचवाँ तख्त कहा जाता है। प्रोग्राम बना कि धीरमल से सरूप लिया जाए, श्री गुरु ग्रंथ साहिब जी महाराज का। 20–25 सिंघ भेजे। धीरमल ने सरूप देने से इन्कार कर दिया। धीरमल ने सिंघों को कहा कि श्री गुरु गोबिंद सिंघ जी महाराज पंथ के मालिक कहलाते हैं। दसवीं ज्योत कहलाते हैं। यदि पंथ के मालिक हैं तो उनको कहो कि सारी बाणी स्वयं उच्चारण कर लें। सिंघों ने वापिस आकर धन्य श्री गुरु गोबिंद सिंघ जी को सारी बात बताई। गुरु जी ने कहा– चिंता मत करो। निरंकार स्वयं विधि बनाएगा। भाई मनी सिंघ जी को दिल्ली से बुलाया, गुरु जी ने। सिंघ भेजा, बाबा दीप सिंघ जी को पहुविंड से बुलाया। दास ने सोचा कि पहला शब्द पाँच–सात मिनट में लग जाएगा पर पहला शब्द ही बीस–पच्चीस मिनट ले गया। वहाँ आकर दास ने सोचा कि कई बार जत्थे के सिंघ पूरे प्रमाण दे रहे होते हैं तो वश नहीं चलता, समय लग जाता है। यह चीजें लो। जत्थेदार न बनो, प्रधान न बनो। अगर प्रधान भी बनो, जत्थेदार भी बनो तो बाबा दीप सिंघ जी जैसी गरीबी मत छोड़ो।

जो सिंघ धन्य श्री गुरु गोबिंद सिंघ जी महाराज ने भेजा है, पहुविंड साहिब। बाबा दीप सिंघ जी को आदर सहित लेकर आओ। वह जब पहुँचा तो बाबा दीप सिंघ जी कितनी संगत बैठी है और गुरमति का प्रचार कर रहे हैं। बाबा जी कथा कर रहे हैं, सैंची साहिब मौजूद है, भोग पड़ा। सिंघ ने कहा– बाबा जी, कलगीधर पिता जी ने याद किया है। आप जी को बुलाया है, कोई डयूटी लेनी है। बाबा जी ने कहा, सति बचन। बाबा जी ने पूछा कि अब चलना है कि सुबह। हुक्म। वह कहने लगा कि मैं सफर करके आया हूं, सुबह चलेंगे। यह चीजें लाओ, बाबा दीप सिंघ जी ने गर्म पानी लेकर उस गुरमुख प्यारे के चरण धोए, उसकी थकावट दूर की। यह था आपस में गुरमुख प्यारों का आदर। खालसा जी, आप दूर से आए हो। तब गाड़ियां नहीं थी होतीं, घोड़ों पर ही सफर करना पड़ता था।

***गुरसिखां की हरि धूड़ि देहि***
***हम पापी भी गति पांहि ॥***

*(अंग १४२४)*

यह हैं, बाबा दीप सिंघ जी। बाबा जी आ गए। गुरु जी के पास पहुँच गए, साबो की तलवंडी। सतिगुरु जी के दर्शन किए। थोड़े दिन बीते एक तंबू में कौन बैठे हैं? धन्य श्री गुरु गोबिंद सिंघ जी महाराज। दूसरे तंबू में कौन है? भाई मनी सिंघ जी और बाबा दीप सिंघ जी। इधर कलगीधर पिता जी उच्चारण कर रहे हैं:

***ੴ सति नामु करता पुरखु निरभउ निरवैरु अकाल मूरति अजूनी सैभं गुर प्रसादि ॥***
***॥ जपु ॥***
***आदि सचु जुगादि सचु ॥***
***है भी सचु नानक होसी भी सचु ॥१॥***

*(जपु जी साहिब)*

भाई मनी सिंघ जी लिख रहे हैं। धीरमल ने कहा था कि यदि दसवीं ज्योति हैं तो फिर स्वयं बाणी उच्चारण कर लें। गुरु जी ने कहा निरंकार स्वयं विधि बनाएगा, चिंता मत करो। गुरु साहिब एक तंबू में बैठे, आध्यात्मिक बल से गुरबाणी उच्चारण कर रहे हैं और दूसरे तंबू में भाई मनी सिंघ जी गुरबाणी लिख रहे हैं। बाबा दीप सिंघ जी स्याई, कलम और कागज का इंतजाम कर रहे हैं। संगत जी जितनी धन्य श्री गुरु ग्रंथ साहिब जी की बाणी है **ੴ** से लेकर अठारह दस बीस तक उच्चारण की।

यह सारी गुरबाणी धन्य श्री गुरु गोबिंद सिंघ जी महाराज ने एक तंबू में बैठ कर नौ महीने, नौ दिन, नौ घड़ी में उच्चारण की। संगत जी, कोई संगत वंचित न रहे। कह दो प्यार से:

***गुरमुखि परउपकारी विरला आइआ।***

*(वार १६, पउड़ी १२)*

बाबा दीप सिंघ जी का जो नित्य कर्म है, वह किस तरह का था, कितना समय क्या करते थे। यह बड़े महान अंश हैं, जिससे सीधी सड़क मिलती है। एक बार पढ़ो जी प्यार से :

***गुरमुखि परउपकारी विरला आइआ।***

*(वार १६, पउड़ी १२)*

---

*—पन्ना 34 का बाकी*

अमृतसर आओगे श्री दरबार साहिब दर्शन करने तो यह स्थान दो किलोमीटर की दूरी पर शोभायमान है जरुर दर्शन करके जाना। थड़ा साहिब से वल्ला जाते हुए इस मार्ग में आराम किया और कुछ समय पहले धन्य श्री गुरु तेग बहादर जी ने कृपा करके बीबी कौलां जी भलाई केन्द्र से इस स्थान पर संगतों के लिए नए स्नान घर व बाथरुमों की सेवा ली। दास को हर रोज जाना पड़ता था इतनी शांति, इतना एकांत, इतनी संगतों की झोलियां भरती हैं क्योंकि इस स्थान पर नवम पातशाह जी ने दम लिया। कुछ समय रुके। 350 साल नवम पातशाह जी के चरण स्थान के साथ गुरुद्वारा श्री दमदमा साहिब जो सतिगुरु जी की अपार कृपा से शोभायमान है। हमारी भी धन्य श्री गुरु तेग बहादर जी पर भावना बन जाए क्योंकि भावना ही सब कुछ है। सारे जपो:

***तेग बहादुर सिमरिऐ***
***घर नउ निधि आवै धाइ***
***सभ थांई होइ सहाइ ॥***

**Transcription of the Discourse Rendered by Bhai Guriqbal Singh Ji**

# Question by Ascetic Budhu Shah, Answers by Kalgidhar Ji
# ਪੀਰ ਬੁੱਧੂ ਸ਼ਾਹ ਦੇ ਸਵਾਲ, ਕਲਗੀਧਰ ਜੀ ਦੇ ਜਵਾਬ

When we recite this line, we see Satguru Ji with inward eyes of our mind.

*ਕਲਗੀ ਸੋਹੇ ਸੀਸ।*

This is education. Every Thursday we gather for listening to 'Keertan' and 'Gurbani'. We should also try to understand this art of keertan and recitation of Gurbani and sermons. The focus of our heading is Dhan Sri Guru Gobind Singh Ji. Everyone of you should bring atleast one more devotee to this congregation. So try to understand this art/education. Then you will be able to propagate it. Let's recite this hymn:

*ਦੁਖ ਭੰਜਨੁ ਤੇਰਾ ਨਾਮੁ ਜੀ ਦੁਖ ਭੰਜਨੁ ਤੇਰਾ ਨਾਮੁ ॥*
*(ਅੰਗ ੨੧੮)*

Another hymn:

*ਸ਼ਾਹਿ ਸ਼ਹਨਸ਼ਾਹ ਗੁਰ ਗੋਬਿੰਦ ਸਿੰਘ ॥੧੦੭॥*
*(ਵਾਰ ਭਾਈ ਨੰਦ ਲਾਲ ਜੀ)*

Third hymn:

*ਪਾਪ ਕੀ ਜੰਞ ਲੈ ਕਾਬਲਹੁ ਧਾਇਆ*
*ਜੋਰੀ ਮੰਗੈ ਦਾਨੁ ਵੇ ਲਾਲੋ ॥*
*(ਅੰਗ ੭੨੨)*


***—Jaswinder Singh Patiala***

All hymns are Gurbani but they are context for education also.

*ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥*
*(ਅੰਗ ੫੮੮)*

All of you say 'Satnam Waheguru' in fond memory of Kalgidhar Ji:

Just as Dhan Dhan Sri Guru Granth Sahib Ji increases the respect of the throne, similarly once Dhan Sri Guru Gobind Singh Ji used to do so. The disciples were fanning Guru Ji. The sangat was also having 'darshan'. Budhu Shah, the ascetic also came to have 'darshan'. He felt blessed to have darshan on entering the 'darbar'. He had come for the first time to meet Guru Ji. As he entered, a doubt arose in his mind. He thought Guru Gobind Singh Ji was too young to be bowed and given honour. As you all know, Guru Gobind Singh Ji's soul went for heavenly abode at the age of 42. He was 32-33 years old when He met peer Budhu Shah Ji. So he thought that he was older than Guru Ji, how



**Kalgidhar Pita Ji and Peer Budhu Shah**

could he honour Guru Ji first. He became double minded whether to give respect to Guru Ji or not. He thought Guru Ji was younger to him and he himself had so many disciples at that time then why he should bow before Guru Ji first. He kept thinking while walking towards Guru Ji. Then he decided to shake hands with Guru Ji instead of bowing at His feet. He thought if he bowed before Guru Ji, what would his disciple say. He moved his right hand forward towards Guru Ji. Guru Gobind Singh Ji was already reading his mind- what was going on in his mind. Guru Ji held his right hand in both His hands and started pressing his hand with affection. That warmth in pressings was like when Sudama brought some cooked rice for Krishan Ji. Lord Krishan Ji ate the first bite and a beautiful house got constructed for the poor Sudama. He ate the second bite and the house got decorated with all means of comfort and so on and so forth. Peer Budhu Shah felt that Guru Ji was giving all blessings to him. Bhai Gurdas Ji says:

***ਲੈ ਕੇ ਤੰਦੁਲ ਚਬਿਓਨੁ...***

For onlookers, Lord Krishan Ji was simply eating rice but Bhai Gurdas Ji says:

***ਲੈ ਕੇ ਤੰਦੁਲ ਚਬਿਓਨੁ***
***ਵਿਦਾ ਕਰੇ ਅਗੈ ਪਹੁਚਾਏ ।***

*(ਵਾਰ: ੧੦, ਪਉੜੀ ੯)*

But the first bite/meeting bestowed many blessings:

***ਕਲਗੀ ਸੋਹੇ ਸੀਸ ।***

This is the first hymn from where we started this discourse. I have been blessed by Baba Kundan Singh Ji. Keertan (singing of hymns) is an art. If you go to Nanaksar, they recite hymns for two hours on the same verse after six cantos of 'Assa Ji ki Vaar'. Two hours of context. The quench of devotees is satisfied:

***ਰਜਿ ਰਜਿ ਭੋਜਨੁ ਖਾਵਹੁ ਮੇਰੇ ਭਾਈ ॥***

*(ਅੰਗ ੮੦੭)*

Once I went into the room of Baba Kundan Singh Ji along with seven to eight of my comradas. Baba Ji was watching a recorded keertan program on a VCD. He asked his disciples that he (Guriqbal Singh) renders keertan Sewa. He asked his disciple to bring his keetran register. The register of proofs. He had maintained a register when he used to render keertan sewa. I was happy that he would give the register of keertan proofs to me. Every spiritual verse has a proof. The disciple searched all the almirahs and said the register was untraceable. Baba Kundan Singh Ji said that he would give the register to me when found. Though I could not get the register but I got a true statement for a life time.

Thus Guru Gobind Singh Ji gave many spiritual blessings while pressing the right hand of Peer Budhu Shah Ji. This is beyond our understanding. Peer Budhu Shah Ji thought that Guru Ji was junior to him in stature. Thus a doubt developed in his mind. After all he was a knowledgeable person. He decided to ask a question to test the spiritual stature of the Guru. He said that he had a question. Guru Gobind Singh Ji was ready to answer every question. Although Guru Ji knew everything- what was going on in his mind. Bhai Gurdas Ji says:

***ਗੁਰਸਿਖੀ ਗੁਰਸਿਖ ਸੁਣਿ ਅੰਦਰਹੁ ਸਿਆਣਾ ਬਾਹਰਹੁ ਭੋਲਾ ।***

A Gurmukh understands everything. Peer Budhu Shah asked, “How can a true devotee meet God or be one with God?” Guru Ji’s answer in eight letters is a path for all of us to tread upon to meet God. Peer Ji thought if he could not answer, he would make a fun of Guru Ji. The answer goes like this:

***ਹਊਂ ਮੂਆ, ਖੁਦਾ ਹੁਆ ।***

Guru Ji said that one would have to shun ego first and become a part of God. Haughtiness is the biggest hindrance on the way to be one with God. The keertan performers or bards singing hymns are the easiest victims. So keertan performers should be more careful. Suppose a bard of Gurughar made 500 souls got attached to God, but if he thinks that he has done this, then all his labour would go waste. Actually he should recite Sri Sukhmani Sahib after keertan or at least Sri Japuji Sahib. Then he should thank the Almighty for making him do the service. He should pray to God in thanksgiving. Then he would earn virtues- His spiritual earnings would increase. If he thinks- I have performed keertan:

***ਹਉਮੈ ਵਿਚਿ ਸੇਵਾ ਨ ਹੋਵਈ***
***ਤਾ ਮਨੁ ਬਿਰਥਾ ਜਾਇ ॥੧॥***

***(ਅੰਗ ੫੬੦)***

The bards of Gurughar are booked in large numbers on 31st of December every year. Their demand is very high on this day. It is just like some shopkeepers find Diwali, Vaisakhi or Lohri very hectic, similarly the keertan performers find 31st December very hectic. They have many bookings in a day. Last year I went to Delhi on 31st December. I performed keertan from 6-30 p.m. to 12-30 a.m. of 1st January at four different places. In total I performed keertan at six places in a day. I got very tired, it's difficult to perform keertan for more than six hours. Travelling also is tiresome. I appointed two boys to recite Sri Sukhmani Sahib turn by turn to recite continuously in thanksgiving. In the end when I became free at 1-30 a.m. in the morning, I thanked Sri Guru Gobind Singh Ji as everything passed on smoothly. If one in not humble, one has to face tests, if one is humble, God will protect you. The leaders and the wealthy persons also become easy preys. The handsome and the beautiful should also not become haughty. The highly educated should also remain humble always. The famous artists should also not be haughty. Guru Ji answered Peer Budhu Shah's question in four words.

*ਹਉਂ ਮੂਆ, ਖੁਦਾ ਹੁਆ।*

If you take humility home today, you take everything. One day a man from Amritsar asked me if I went to Sri Harmandir Sahib daily. I said that I go to Shaheedan Sahib daily, actually He (God) takes me daily. He said, "If you happen to go now, do go from 'Ghantaghar' side." After four or five days, he asked me if I had gone. I replied in the positive but I said, "I went inside from the other side, not from the 'Ghantaghar' side." After four or five days he again asked if I had gone from the 'Ghantaghar' side. I replied in the negative. He told me, "If you go from the 'Ghantaghar' side and descend down from the central stairs, on the left hand side, you will find my name inscribed on a stone slab." I especially went to see and found his name on a stone slab along with his father's name and detailed address and donation amount of Rs. 5100/- donated by him. I asked him, "why so much detail of address? Only your name was not enough?" He said, "There may be many persons in Amritsar having same name, that's why I have given so much details."

So let's learn a lesson- whenever you donate and the organizers announce your name on loud speaker, let's be very humble. It's their duty to announce names, not ours to ask them or anyone else.

There are donors and those who accept donations in every city. There are souls who bring (donate) eatables in 'Langars' and there are souls who render service in 'Langars'. Both types of souls have been sent on the earth by the Almighty. Imagine if God had made us stand in the line of the poor people/ the have nots, If one is capable enough to donate something, it is because of God. We are nothing but puppets in the hands of the Almighty. If We understand this design of God/ Waheguru, then our donation will increase manifolds spiritually. When we donate, we do so from the blessings/wealth given to us by God.

Once Bahadur Shah, a Muslim ruler asked Guru Gobind Singh Ji- "Whose religion is superior, yours or ours?" I was reading a book, in which this question and answer to this question has been mentioned. When I read the question, I found that the answer was on the next page. Before turning over the page, I tried to guess, what Guru Ji had answered at that time. I thought Guru Ji might not have insulted Islam, nor He had said something to degrade His own religion. After ten minutes or so I turned over the leaf to find the answer of the Guru. When I read the answer, my head bowed down at the feet of the Guru with respect. The hymn goes like this:

***ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥***

*(ਅੰਗ ੫੮੮)*

Guru Ji made Peer Budhu Shah Ji understand this, made him spiritually wise:

***ਹਉਂ ਮੁਆ, ਖੁਦਾ ਹੁਆ।***

Guru Gobind Singh Ji's answer was:

***ਤੁਮੑੇਂ ਤੁਮੑਾਰਾ ਖੂਬ, ਹਮੇਂ ਹਮਾਰਾ ਖੂਬ।***

What an answer it is!

Look at the wisdom in the answer given by Dhan Sri Guru Gobind Singh Ji. He didn't condemn his religion nor eulogized his own and vice-versa.

***ਤੁਮੑੇਂ ਤੁਮੑਾਰਾ ਖੂਬ, ਹਮੇਂ ਹਮਾਰਾ ਖੂਬ।***

Guru Ji neither condemned nor eulogized his religion (Islam). The answer is as per Gurmat:

***ਨਾਨਕ ਨਾਮ ਚੜ੍ਹਦੀ ਕਲਾ ॥***
***ਤੇਰੇ ਭਾਣੇ ਸਰਬੱਤ ਦਾ ਭਲਾ ॥***

Look at the beauty of the answer:

***ਨਾ ਕੋ ਬੈਰੀ ਨਹੀ ਬਿਗਾਨਾ***
***ਸਗਲ ਸੰਗਿ ਹਮ ਕਉ ਬਨਿ ਆਈ ॥੧॥***

*(ਅੰਗ ੧੨੯੯)*

What an answer it is:

***ਏਕੁ ਪਿਤਾ ਏਕਸ ਕੇ ਹਮ ਬਾਰਿਕ ਤੂ ਮੇਰਾ ਗੁਰ ਹਾਈ ॥***

*(ਅੰਗ ੬੧੧)*

Let's all recite these holy verses:

***ਤਿਸੁ ਗੁਰ ਕਉ ਸਾਬਾਸਿ ਹੈ ਜਿਨਿ ਹਰਿ ਸੋਝੀ ਪਾਈ ॥***

*(ਅੰਗ ੫੮੮)*

✿✿✿

# ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ
# ਗੁਰਦੁਆਰਾ ਗੁਰਿਆਣਾ ਸਾਹਿਬ (ਪਾ: ਨੌਵੀਂ)

# 350 Years of Sacred Places Visited by the Ninth Master
# Gurdwara Guriana Sahib (Patshahi Ninth)

Let's develop /inculcate deep faith and have affection for the sacred places as we have darshan of the Gurdwara Sahibs. Sri Guru Hargobind Sahib Ji was listening and meditating on 'Keertan' being performed at Sri Harmander Sahib, when Sri Guru Teg Bahadar Ji arrived in this world at Gurdwara Guru Ke Mehal. When Sri Guru Hargobind Sahib Ji got the news of incarnation of Sri Guru Teg Bahadar Sahib Ji, He arrived at Gurdwara Guru Ke Mehal along with sangat. Then he thanked the Almighty and bowed and prayed to Waheguru. This is written in 'Gur Bilas Patshahi Chhevi' that Bidhi Chand Ji asked Guru Hargobind Sahib Ji about this action:

*ਤਬ ਗੁਰ ਸਿਸ ਕਉ ਬੰਧਨ ਕੀਨੀ ਅਤਿ ਹਿਤ ਲਾਏ।*
*ਬਿਧੀਆ ਕਹਿ ਕਸ ਬੰਧਨ ਕੀ ਕਹੁ ਮੋਹਿ ਸਮਝਾਇ।*

'Sis' means child. Guru Hargobind Ji bowed before the infant:

*ਬਿਧੀਆ ਕਹਿ ਕਸ ਬੰਧਨ ਕੀ ਕਹੁ ਮੋਹਿ ਸਮਝਾਇ।*

Bidhi Chand Ji asked why the Guru had bowed before the infant. We should learn from this episode. At this Guru Hargobind Sahib Ji replied that He was not an ordinary infant. We should learn from this act of Guru Ji who said great things at the arrival of His son into this world.

*ਦੀਨ ਰਸ਼ ਸੰਕਟ ਹਰੇ*

He would mitigate sorrows from the world.

*ਦੀਨ ਰਸ਼ ਸੰਕਟ ਹਰੇ ਇਹ ਨਿਰਭੈਅ ਜੜ੍ਹ ਤੁਰਕ ਉਖੇੜੀ।*

He would eliminate the Mughals and other foreign mercenaries. This statement was given by Sri Guru Hargobind Sahib Ji at that time. Guru Ji said that this child would sacrifice everything for others. So we should have full faith on Guru Teg Bahadar Sahib Ji. Then Guru Ji said that the child would make the earth free from sinners. The third statement was that the child would sacrifice his head which would work as a cover/sheet to



## Gurdwara Guriana Sahib (Patshahi Ninth)

protect others. The fourth statement of the Guru was that the child would shine like the sun and eliminate darkness of injustice. Such important services for humanity would be taken from the child by the Almighty. So we should recognise the real divine power of Sri Guru Teg Bahadar Ji. When Guru Teg Bahadar Ji turned a young boy, mother Nanki Ji said that her son did not know the ways of the world, He was neither clever nor worldly smart and often remained silent. She said that when Guru Ji made the child sit in His lap and fondly loved him then she often thought that the child was very noble, gentle and innocent. He did not participate in activities like other children and often sat silently. At this Dhan Sri Guru Hargobind Sahib Ji said although He was innocent but He would turn out to be a great personality. Guru Ji also announced that His heart would be free from envy or jealousy for others. He would spread Guru Nanak's reputation in the world in the world like the spreading of the moonlight. He would save spirituality. He would save the true religion on the earth. He would be such a great personality that the whole earth would appreciate Him. We are talking or discussing about all the statements of Sri Guru Hargobind Sahib Ji so that we may have full faith on Sri Guru Teg Bahadar Sahib Ji. Guru Hargobind Sahib Ji Himself praises Guru Teg Bahadar Ji. When Guru Teg Bahadar Sahib Ji left Gurdwara Damdama Sahib and then He went towards Village Vallah and

*—to be continued on page 50*

# Magical Effect of Mool-Mantar (Talisman) on Ayub Khan, President of Pakistan

# ਪਾਕਿਸਤਾਨੀ ਸਦਰ (ਰਾਸ਼ਟਰਪਤੀ) ਅਯੂਬ ਖਾਂ ਉੱਤੇ ਮੂਲ-ਮੰਤ੍ਰ ਦਾ ਜਾਦੂ

**By: Dr. Anokh Singh (Bathinda)**

S. Meharban Singh is a famous personality of Singapore. He narrated me an incident of 1970s. Once he went to Pakistan to pay obeisance at Gurdwaras there. General Ayub Khan was the president of Pakistan at that time. The President invited S. Meharban Singh and his friends for tea at his residence. S. Meharban Singh was surprised to see the wall of the drawing room. *੧ੴ ਸਤਿਗੁਰ ਪ੍ਰਸਾਦਿ ॥* Was painted on the wall. There were two framed writings of 'Mool Mantar' on the wall-one was in Punjabi and the other was in Urdu. Formal conversation started. He was curious to know about the 'Mool Mantar'. Interrupting the conversation, he asked the General to tell something about the Sikh 'Mool Mantar' on his wall. After pause, the General said, "It is because of Guru Nanak's 'Kalaam' (holy verse), that I have become president of Pakistan."

The president narrated that he used to study at Abtabaad. Being a dull student, he was daily punished by the teacher. One day instead of going to the school, he hid in a Gurdwara on the way. The priest knew him. He asked, "Jubia! What are you doing? This is time to go to school." He told the priest that he did not want to go to school as he was beaten daily by the teacher. The priest embraced him and told him that he would not be beaten from that day onward. He advised Ayub Khan to recite 'Mool Mantar' while his way on to school. He did the same and found that he was not beaten, that was the first day. **He made it a daily practice to recite 'Mool Mantar' on his way to school, he was never punished from that day onward.**

Before the start of exams, Ayub Khan again went to the priest of the Gurdwara Sahib and prayed that he be

helped so that he might pass. The priest advised him never to leave recitation of Mool Mantar, Guru Nanak would help him. He blessed Ayub Khan that he would achieve any rank or position in his life, if he continued reciting Guru Nanak's Mool Mantar- daily. Ayub Khan said, "Today I am the president of Pakistan because of the Mool Mantar."

In 2000 I got a chance to visit Pakistan. I was roaming in a bazar at Lahore. Suddenly I (the writer) remembered that incident narrated by Ayub Khan. I entered a book-shop and asked for Ayub Khan's biography. The book-seller gave me the book- "Friends, Not Masters'. I found that the incident narrated by S. Meharban Singh was/is mentioned in the book. Principal Satbir Singh has also mentioned this incident related to Ayub Khan, in one of his books.

***Special efforts by-***
***Harmahinder Singh***
***Chowk Bhouri, Sri Amritsar.***

---

***–continued from page 48***

this Gurdwara named Guriana Sahib is situated three kilometers away from Village Vallah and one kilometer from Verka Bye-pass. Guru Ji visited this place. He reached there via Tungbala and Gurdwara Damdama Sahib. There were fields of Mother Haro Ji at that place. There was a well in the fields. Guru Ji arrived at the well. Mother Haro Ji asked Makhan Shah Lubana who the soul was. At this Makhan Shah Ji replied that He was the Ninth Master, holy flame of Guru Nanak's Gurtagaddi. Mother Haro Ji very politely requested Guru Ji to partake food. Guru Ji asked her to first serve those labourers for whom she had brought meals. She opened the food packet and was surprised to find that she had cooked 8 chapattis only but there were 12 in the packet instead. She could not understand it. She asked who the great soul was, who could do everything. He could arrange 'prassadas' for Himself also. The history is written on the board of the Gurdwara Sahib. She again requested Guru Ji to partook 'prassadas'. She requested Guru Ji to visit her home also. It was a 'Kacha' house. The Gurdwara is named so because Guru Ji visited her home on her request. Where Gurudwara 'Kotha Sahib' is situated now, it was actually the home of Mother Haro Ji. Whenever you visit Amritsar, do pay obeisance at Gurdwara Guriana Sahib and get blessings of Sri Guru Teg Bahadar Ji. Now after knowing the history of Gurdwara Guriana Sahib, let's develop faith on Guru Ji's divine powers.

May God forgive me!

# 15ਵਾਂ ਸਲਾਨਾ ਸਮਾਗਮ

# ਬਾਬਾ ਦੀਪ ਸਿੰਘ ਜੀ ਸੇਵਾ ਸਿਮਰਨ ਸੁਸਾਇਟੀ, ਪਟਿਆਲਾ ਵੱਲੋਂ

ਸਤਿਗੁਰੂ ਜੀ ਦੀ ਕਿਰਪਾ ਨਾਲ ਬਾਬਾ ਦੀਪ ਸਿੰਘ ਜੀ ਸੇਵਾ ਸਿਮਰਨ ਸੁਸਾਇਟੀ, ਭਾਈ ਜਸਵਿੰਦਰ ਸਿੰਘ ਜੀ ਪਟਿਆਲਾ ਵੱਲੋਂ 06 ਨਵੰਬਰ 2025 ਨੂੰ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਉਨ੍ਹਾਂ ਦੇ ਪਿਆਰੇ ਸਿੱਖਾਂ ਦੇ 350 ਸਾਲਾ ਪਾਵਨ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ **15ਵਾਂ ਸਲਾਨਾ ਸਮਾਗਮ** ਬੀਬੀ ਕੌਲਾਂ ਜੀ ਭਲਾਈ ਕੇਂਦਰ, ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਕਰਵਾਇਆ ਗਿਆ। ਇਸ ਸਮਾਗਮ ਦੀ ਸ਼ੁਰੂਆਤ ਬੀਬੀ ਜਗਜੀਤ ਕੌਰ ਜੀ (ਭਾਈ ਮਤੀ ਦਾਸ ਜੀ ਭਲਾਈ ਕੇਂਦਰ, ਦਿੱਲੀ ਵਾਲਿਆਂ) ਵੱਲੋਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਨਾਲ ਕੀਤੀ ਗਈ। ਜਿਸ ਦੌਰਾਨ ਭਾਈ ਹਰਵਿੰਦਰ ਪਾਲ ਸਿੰਘ (ਲਿਟਲ ਵੀਰ ਜੀ), ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ (ਗ੍ਰੰਥੀ ਸ੍ਰੀ ਹਰਿਮੰਦਰ ਸਾਹਿਬ) ਕਥਾ-ਕੀਰਤਨ ਦੀਆਂ ਹਾਜ਼ਰੀਆਂ ਭਰਦੇ ਹੋਏ। ਭਾਈ ਪ੍ਰੇਮ ਸਿੰਘ ਜੀ ਅਰਦਾਸ ਦੀ ਹਾਜ਼ਰੀ ਭਰਦੇ ਹੋਏ। ਸਿੰਘ ਸਾਹਿਬ ਗਿਆਨੀ ਬਲਵਿੰਦਰ ਸਿੰਘ ਜੀ, ਗਿਆਨੀ ਮਿਲਾਪ ਸਿੰਘ ਜੀ, ਭਾਈ ਪ੍ਰੇਮ ਸਿੰਘ ਜੀ ਅਰਦਾਸੀਏ ਦਾ ਸਨਮਾਨ ਕਰਦੇ ਹੋਏ ਭਾਈ ਸਾਹਿਬ ਜੀ। ਸਮੂਹ ਸਿੰਘ ਸਾਹਿਬ ਅਤੇ ਭਾਈ ਜਸਵਿੰਦਰ ਸਿੰਘ ਪਟਿਆਲੇ ਵਾਲੇ ਭਾਈ ਗੁਰਇਕਬਾਲ ਸਿੰਘ ਜੀ ਦਾ ਸਨਮਾਨ ਕਰਦੇ ਹੋਏ।
























# 31 ਦਸੰਬਰ ਨੂੰ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ

ਗੁਰੂ ਸਾਹਿਬ ਜੀ ਦੀ ਕ੍ਰਿਪਾ ਨਾਲ ਹਰ ਸਾਲ ਦੀ ਤਰ੍ਹਾਂ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ 31 ਦਸੰਬਰ, 2025 ਨੂੰ ਬੀਬੀ ਕੌਲਾਂ ਜੀ ਭਲਾਈ ਕੇਂਦਰ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਭਾਈ ਗੁਰਇਕਬਾਲ ਸਿੰਘ ਜੀ ਅਤੇ ਬੀਬੀ ਕੌਲਾਂ ਜੀ ਫੁਲਵਾੜੀ ਦੇ ਹੋਰ ਜੱਥਿਆਂ ਵੱਲੋਂ ਕਥਾ-ਕੀਰਤਨ ਦੀਆਂ ਹਾਜ਼ਰੀਆਂ ਭਰੀਆਂ ਗਈਆਂ ਅਤੇ ਸਮੂਹ ਸੰਗਤਾਂ ਨੇ ਕਥਾ-ਕੀਰਤਨ ਦਾ ਅਨੰਦ ਮਾਣਿਆ।









# ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜਾ ਨੂੰ ਮਨਾਉਂਦੇ ਹੋਏ ਗੁਰਮਤਿ ਸਮਾਗਮ









01 ਜਨਵਰੀ, 2026 ਨੂੰ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜਾ ਨੂੰ ਮਨਾਉਂਦੇ ਹੋਏ ਭਾਈ ਭੁਪਿੰਦਰ ਸਿੰਘ ਜੀ ਸਿੰਘਾਪੁਰ ਗਿਫਟ ਹਾਊਸ ਵਾਲਿਆਂ ਵੱਲੋਂ ਕਿਸ਼ਨਗੜ੍ਹ ਕਲੋਨੀ, ਸ੍ਰੀ ਅੰਮ੍ਰਿਤਸਰ ਵਿਖੇ ਗੁਰਮਤਿ ਸਮਾਗਮ ਕਰਵਾਇਆ ਗਿਆ। ਜਿਸ ਵਿੱਚ ਭਾਈ ਹਰਵਿੰਦਰਪਾਲ ਸਿੰਘ (ਲਿਟਲ ਵੀਰ ਜੀ), ਬੀਬੀ ਨਰਿੰਦਰ ਕੌਰ, ਭਾਈ ਮਹਿਕਪ੍ਰੀਤ ਸਿੰਘ, ਭਾਈ ਗੁਰਬਚਨ ਸਿੰਘ ਜੀ ਲਾਲੀ (ਦਿੱਲੀ ਵਾਲੇ) ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਨੇ ਕਥਾ-ਕੀਰਤਨ ਦੀਆਂ ਹਾਜ਼ਰੀਆਂ ਭਰੀਆਂ। ਸਮੂਹ ਸੰਗਤਾਂ ਨੇ ਇਸ ਸਮਾਗਮ ਵਿੱਚ ਹਾਜ਼ਰੀਆਂ ਭਰਕੇ ਗੁਰੂ ਜਸ ਸਰਵਣ ਕੀਤਾ।